## ਅਧਿਆਇ 11

# ਯਰੂਸ਼ਲਮ ਅਤੇ ਯਹੂਦਾਹ ਦੇ ਨਵੇਂ ਵਸਨੀਕ

ਯਰੂਸ਼ਲਮ ਦੀ ਕੰਧ ਬਣ ਜਾਣ ਤੋਂ ਬਾਅਦ ਨਹਮਯਾਹ ਨੂੰ ਇਸ ਤੱਥ ਦਾ ਪਤਾ ਲੱਗਾ ਕਿ ''ਸ਼ਹਿਰ ਚੌੜਾ ਅਤੇ ਵੱਡਾ ਅਤੇ ਆਦਮੀ ਥੋੜ੍ਹੇ ਸਨ'' (7:4)। ਸਾਫ਼ ਹੈ ਕਿ ਇਸ ਮੁਸ਼ਕਿਲ ਦਾ ਹੱਲ ਕਰਨ ਵਿਚ ਮਦਦ ਕਰਨ ਲਈ ਉਸ ਨੇ ਲੋਕਾਂ ਦੇ ਉਨ੍ਹਾਂ ਦੀ ''ਕੁਲਪੱਤਰੀ ਦੇ ਅਨੁਸਾਰ ਗਿਣੇ ਜਾਣ'' ਉਨ੍ਹਾਂ ਦੀ ''ਸਭਾ'' ਬੁਲਾਉਣ ਦਾ ਇਰਾਦਾ ਕੀਤਾ (7:5)। ਉਸ ਨੂੰ ਉਨ੍ਹਾਂ ਦਾ ''ਰਿਕਾਰਡ'' ਮਿਲਿਆ ਜਿਹੜੇ ਬਾਬਲ ਤੋਂ ਯਹੂਦਾਹ ਵਿਚ ਵਾਪਸ ਆਏ ਸਨ ਅਤੇ ਉਸ ਨੂੰ ਉਸ ਰਿਕਾਰਡ ਨੂੰ ਆਪਣੇ ਵੇਰਵੇ ਵਿਚ ਸ਼ਾਮਿਲ ਕਰ ਲਿਆ (7:6–73)।

ਨਹਮਯਾਹ ਦੀ ਕਿਤਾਬ, ਅਧਿਆਇ 8 ਤੋਂ 10 ਵਿਚ ਵਿਖਾਉਂਦੀ ਹੈ ਕਿ ਯਹੂਦੀਆਂ ਨੇ ਕਿਵੇਂ ਖ਼ੁਦਾ ਨਾਲ ਆਪਣੇ ਨੇਮ ਨੂੰ ਨਵੇਂ ਸਿਰਿਉਂ ਬੰਨ੍ਹਿਆ। ਫਿਰ ਇਹ ਸਮਝਾਉਂਦੇ ਹੋਏ ਕਿ ਸ਼ਹਿਰ ਨੂੰ ਫੇਰ ਤੋਂ ਕਿਵੇਂ ਵਸਾਇਆ ਗਿਆ ਅਤੇ ਕਿਸ ਦੇ ਰਾਹੀਂ ਅਤੇ ਇਹ ਕਿ ਕਿਸ ਨੇ ਇਸ ਦਾ ਇੰਤਜ਼ਾਮ ਕੀਤਾ ਅਤੇ ਯਹੂਦਾਹ ਦੇ ਹੋਰ ਲੋਕ ਕਿੱਥੇ ਰਹਿੰਦੇ ਸਨ, ਅਧਿਆਇ 11 ਉਹ ਟਾਵੀਂ ਟਾਵੀਂ ਅਬਾਦੀ ਦੇ ਵਿਸ਼ੇ ਵੱਲ ਮੁੜ ਆਇਆ। ਅਧਿਆਇ 12 ਵਿਚ ਕੰਧ ਦੀ ਚੱਠ ਦਾ ਵਿਰਤਾਂਤ ਮਿਲਦਾ ਹੈ, ਇਹ ਸਮਾਂ ਲੋਕਾਂ ਲਈ ਵੱਡੇ ਅਨੰਦ ਦਾ ਸੀ।

ਅਧਿਆਇ 11 ਵਿਚਲੀਆਂ ਗੱਲਾਂ ਵਰਗੀਆਂ ਗੱਲਾਂ ਮਿਲਣ ਤੇ ਅਸੀਂ ਹੈਰਾਨ ਹੋ ਸਕਦੇ ਹਾਂ ਕਿ ਉਨ੍ਹਾਂ ਨੂੰ ਉੱਥੇ ਕਿਉਂ ਲਿਖਿਆ ਗਿਆ। ਇਲਹਾਮ ਨਾਲ ਦਿੱਤੇ ਗਏ ਖ਼ੁਦਾ ਦੇ ਵਚਨ ਵਿਚ ਇਹੋ ਜਿਹੀਆਂ ਗੱਲਾਂ ਕਿਉਂ ਜੋੜੀਆਂ ਗਈਆਂ?

ਇਕ ਜਵਾਬ ਇਹ ਹੈ ਕਿ ਲੇਖਕ ਨੂੰ ਲੱਗਾ ਕਿ ਜਿਹੜੀਆਂ ਗੱਲਾਂ ਉਹ ਲਿਖ ਰਿਹਾ ਹੈ ਉਨ੍ਹਾਂ ਨੂੰ ਯਾਦ ਰੱਖਿਆ ਜਾਣਾ ਜ਼ਰੂਰੀ ਹੈ। ਕੋਈ ਸ਼ੱਕ ਨਹੀਂ ਕਿ ਉਹ ਸੋਚ ਸਮਝ ਕੇ ਅਤੇ ਜਾਣ – ਬੁੱਝ ਕੇ ਇਕ ਇਤਹਾਸਕਾਰ ਜਾਂ ਪੁਰਾਲੇਖਵਾਦੀ ਦਾ ਕੰਮ ਕਰ ਰਿਹਾ ਸੀ। ਉਸ ਨੇ ਉਨ੍ਹਾਂ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਜਿਹੜੇ ਉਸ ਦੀ ਪੀੜ੍ਹੀ ਨੂੰ ਦਿੱਤੇ ਗਏ ਸਨ, ਪਰ ਉਹ ਉਹ ਦਸਤਾਵੇਜ਼ ਵੀ ਦੇ ਰਿਹਾ ਸੀ ਜਿਸ ਨੂੰ ਉਹ ਚਾਹੁੰਦਾ ਸੀ ਕਿ ਅਗਲੀਆਂ ਪੀੜ੍ਹੀਆਂ ਪੜ੍ਹਨ।

ਇਕ ਹੋਰ ਜਵਾਬ ਸ਼ਹਿਰ ਦੇ ਮੁੜ ਤੋਂ ਵਸਾਏ ਜਾਣ ਦੇ ਮਹੱਤਵ ਨਾਲ ਜੁੜਿਆ ਹੈ। ਨਹਮਯਾਹ ਦੀ ਕਿਤਾਬ ਯਹੂਦਾਹ ਦੀ ਕੌਮ ਦੀ ਬੇਦਾਰੀ ਨਾਲ ਸਬੰਧਿਤ ਹੈ। ਕੌਮ ਨੂੰ ਨਵੇਂ ਸਿਰਿਉਂ ਬਣਿਆ ਤਦ ਤਕ ਨਹੀਂ ਮੰਨਿਆ ਜਾ ਸਕਦਾ ਸੀ ਜਦ ਤਕ ਯਰੂਸ਼ਲਮ ਸੁਰੱਖਿਅਤ ਨਾ ਹੁੰਦਾ ਅਤੇ ਯਰੂਸ਼ਲਮ ਤਦ ਤਕ ਸੁਰੱਖਿਅਤ ਨਹੀਂ ਹੋਣਾ ਸੀ ਜਦ ਤਕ ਇਸ ਦੀ ਕੰਧ ਨਾ ਬਣਦੀ ਅਤੇ ਇਸ ਵਿਚ ਇਸ ਦੀ ਰੱਖਿਆ ਲਈ ਲੋਕ ਨਹੀਂ ਭਰਦੇ।

ਇਕ ਤੀਜਾ ਜਵਾਬ ਇਹ ਹੈ ਕਿ ਇਹ ਅਧਿਆਇ ਇਹ ਵਿਖਾਉਣ ਲਈ ਦਿੱਤਾ ਗਿਆ ਤਾਂ ਕਿ ਨੇਮ ਦੇ ਨਵੇਂ ਸਿਰਿਉਂ ਬੰਨ੍ਹਿਆ ਜਾਣ ਵਾਂਗ ਹੀ ਕੌਮ ਵੀ ਬਹਾਲ ਹੋਈ ਸੀ। ਇਸ ਦਾ ਪ੍ਰਮੁੱਖ ਸ਼ਹਿਰ ਫੇਰ ਤੋਂ ਵੱਸ ਗਿਆ ਸੀ, ਇਸ ਦੇ ਲੋਕ ਸੰਗਠਿਤ ਹੋ ਗਏ ਸਨ ਅਤੇ ਯਹੂਦੀ ਪੂਰੇ ਦੇਸ਼ ਵਿਚ

ਰਹਿ ਰਹੇ ਸਨ। ਇਸ ਅਧਿਆਇ ਵਿਚ ਇਹ ਖੁਸ਼ੀ ਦੀ ਖ਼ਬਰ ਹੈ ਕਿ ਆਪਣੇ ''ਪਵਿੱਤਰ ਸ਼ਹਿਰ'' ਯਰੂਸ਼ਲਮ ਨਾਲ ਯਹੂਦਾਹ ਫੇਰ ਤੋਂ ਸੁਰਜੀਤ ਹੋ ਗਿਆ ਸੀ!

ਲੇਖਕ ਦੇ ਨਾਲ ਨਾਲ ਯਹੂਦੀ ਵੀ ਖ਼ੁਦਾ ਦੀ ਪਰਜਾ ਦੇ ਰੂਪ ਵਿਚ ਆਪਣੀਆਂ ਜੜ੍ਹਾਂ ਅਤੇ ਆਪਣੇ ਸੰਗਠਨ ਤੋਂ ਜਾਣੂ ਸਨ। ਡੇਰੇਕ ਕਿਡਨਰ ਨੇ ਉਨ੍ਹਾਂ ਦਾ ਵਰਣਨ ਇਵੇਂ ਕੀਤਾ: ''ਕਿਤੇ ਵੀ ਵੱਸ ਜਾਣ ਵਾਲਾ ਸ਼ਰਨਾਰਥੀਆਂ ਦਾ ਹਜੂਮ ਨਹੀਂ''; ''ਉਨ੍ਹਾਂ ਵਿਚ ਤਰਤੀਬ ਦੀ ਮਰਿਆਦਾ ਹੈ ਅਤੇ ਉਹ ਮਸ਼ਹੂਰ ਸਬੰਧਾਂ ਲਈ ਪ੍ਰਸਿੱਧ ਸਨ; ਸਭ ਤੋਂ ਵਧਕੇ 'ਯਾਜਕਾਂ ਦੀ ਪਾਤਸ਼ਾਹੀ ਅਤੇ ਪਵਿੱਤਰ ਕੌਮ' ਅਖਵਾਉਣਾ (ਕੂਚ 19:6)।''[1]

## ਯਰੂਸ਼ਲਮ ਦਾ ਫੇਰ ਤੋਂ ਵੱਸਣਾ (11:1, 2)

**[1]ਪਰਜਾ ਦੇ ਸਰਦਾਰ ਯਰੂਸ਼ਲਮ ਵਿਚ ਵੱਸਦੇ ਸਨ ਅਤੇ ਬਾਕੀ ਲੋਕਾਂ ਨੇ ਵੀ ਗੁਣੇ ਪਾਏ ਕਿ ਦਸਾਂ ਵਿੱਚੋਂ ਇਕ ਨੂੰ ਪਵਿੱਤਰ ਸ਼ਹਿਰ ਯਰੂਸ਼ਲਮ ਵਿਚ ਵਸਾਉਣ ਲਈ ਲਿਆਉਣ ਅਤੇ ਨੌਂ ਹਿੱਸੇ ਹੋਰਨਾਂ ਸ਼ਹਿਰਾਂ ਵਿਚ ਵੱਸਣ [2]ਪਰਜਾ ਨੇ ਉਨ੍ਹਾਂ ਸਾਰਿਆਂ ਮਨੁੱਖਾਂ ਨੂੰ ਬਰਕਤ ਦਿੱਤੀ ਜਿਨ੍ਹਾਂ ਨੇ ਖੁਸ਼ੀ ਨਾਲ ਯਰੂਸ਼ਲਮ ਵਿਚ ਵੱਸਣ ਲਈ ਆਪਣੇ ਆਪ ਨੂੰ ਪੇਸ਼ ਕੀਤਾ।**

ਇਨ੍ਹਾਂ ਆਇਤਾਂ ਵਿਚ ਇਕ ਮੁਸ਼ਕਿਲ ਅਤੇ ਉਹਦਾ ਹੱਲ ਸੰਖੇਪ ਵਿਚ ਦਿੱਤਾ ਗਿਆ ਹੈ।

**ਆਇਤ 1.** ਮੁਸ਼ਕਿਲ ਇਹ ਸੀ ਕਿ **ਪਰਜਾ ਦੇ ਸਰਦਾਰ** ਭਾਵੇਂ **ਯਰੂਸ਼ਲਮ ਵਿਚ ਵੱਸਦੇ ਸਨ** ਪਰ **ਬਾਕੀ ਲੋਕਾਂ** ਵਿੱਚੋਂ ਬਹੁਤੇ ਹੋਰਨਾਂ ਥਾਂਵਾਂ ਤੇ ਰਹਿੰਦੇ ਸਨ। ਘੱਟੋ-ਘੱਟ ਕੁਝ ਲੋਕਾਂ ਨੂੰ **ਪਵਿੱਤਰ ਸ਼ਹਿਰ** ਵਿਚ ਰਹਿਣਾ ਜ਼ਰੂਰੀ ਸੀ। ਯਰੂਸ਼ਲਮ ਨੂੰ ''ਪਵਿੱਤਰ ਸ਼ਹਿਰ'' ਇਸ ਕਰਕੇ ਆਖਿਆ ਗਿਆ ਹੈ ਕਿਉਂਕਿ ਇਸ ਵਿਚ ਪਵਿੱਤਰ ਹੈਕਲ, ਖ਼ੁਦਾ ਦਾ ਭਵਨ ਸੀ ਜਿਸ ਵਿਚ ''ਅੱਤ ਪਵਿੱਤਰ ਅਸਥਾਨ'' ਸੀ (2 ਇਤਹਾਸ 3:8, 10; 5:7)। ਖ਼ੁਦਾ ਦੀ ਹਜ਼ੂਰੀ ਨਾਲ ਹੈਕਲ ਪਵਿੱਤਰ ਹੋ ਗਈ ਸੀ ਅਤੇ ਹੈਕਲ ਨੇ ਸ਼ਹਿਰ ਨੂੰ ਪਵਿੱਤਰ ਬਣਾ ਦਿੱਤਾ ਸੀ। ਪੁਰਾਣੇ ਨੇਮ (11:18; ਯਸਾਯਾਹ 48:2; 52:1; ਦਾਨੀਏਲ 9:24) ਅਤੇ ਨਵੇਂ ਨੇਮ (ਮੱਤੀ 4:5; 27:53; ਪਰਕਾਸ਼ 11:2) ਵਿਚ ''ਪਵਿੱਤਰ ਸ਼ਹਿਰ'' ਦਾ ਵਚਨ ਬਹੁਤ ਘੱਟ ਮਿਲਦਾ ਹੈ।[2] ਇਹ ਅਪੋਕ੍ਰਿਫ਼ਾ ਵਿਚ ਵੀ ਮਿਲਦਾ ਹੈ।[3]

ਕਿਸ ਨੂੰ ਜਾ ਕੇ **ਯਰੂਸ਼ਲਮ** ਵਿਚ ਵੱਸਣ ਲਈ ਕਿਹਾ ਜਾਣਾ ਸੀ? ਬਦਲੀ ਸਾਫ਼ ਤੌਰ ਤੇ ਕੋਈ ਦਿਲਕਸ਼ ਬਦਲ ਨਹੀਂ ਸੀ, ਇਸ ਕਰਕੇ ਇੱਕੋ ਇਕ ਸਹੀ ਤਰੀਕਾ ਇਹ ਤੈਅ ਕਰਨਾ ਸੀ ਕਿ ਕਿਸ ਨੂੰ ਉੱਥੇ ਵੱਸਣ ਲਈ ਮਜਬੂਰ ਕੀਤਾ ਜਾਵੇ, **ਗੁਣੇ** ਪਾ ਕੇ ਯਹੋਵਾਹ ਨੂੰ ਫ਼ੈਸਲਾ ਕਰਨ ਦੇਣਾ ਸੀ।[4] ਨਤੀਜਾ ਇਹ ਹੋਇਆ ਕਿ ਲੋਕਾਂ ਦੀ 10 ਫ਼ੀਸਦੀ ਅਬਾਦੀ ਯਰੂਸ਼ਲਮ ਚਲੀ ਗਈ ਜਦ ਕਿ 90 ਫ਼ੀਸਦੀ ਲੋਕ **ਹੋਰਨਾਂ ਸ਼ਹਿਰਾਂ ਵਿਚ** ਵੱਸਣ ਲਈ ਰਹਿ ਗਏ।

**ਆਇਤ 2.** ਗੁਣੇ ਪਾ ਕੇ ਚੁਣੇ ਹੋਇਆ ਤੋਂ ਛੁੱਟ ਕੁਝ ਲੋਕਾਂ ਨੇ **ਖੁਸ਼ੀ ਨਾਲ ਯਰੂਸ਼ਲਮ ਵਿਚ ਵੱਸਣ ਲਈ ਆਪਣੇ ਆਪ ਨੂੰ ਪੇਸ਼ ਕੀਤਾ**। ਇਹ ਸਾਫ਼ ਨਹੀਂ ਹੈ ਕਿ ਗੁਣੇ ਪਾ ਕੇ ਚੁਣੇ ਜਾਣ ਵਾਲੇ ਅਤੇ ਆਪਣੇ ਆਪ ਨੂੰ ਖੁਸ਼ੀ ਨਾਲ ਪੇਸ਼ ਕਰਨ ਵਾਲੇ ਇਹ ਦੋਵੇਂ ਗੁੱਟ ਆਪੋ ਵਿਚ ਇਕ ਦੂਜੇ ਨਾਲ ਕਿਵੇਂ ਜੁੜੇ ਸਨ। ਸ਼ਾਇਦ ਖ਼ੁਸੀ ਨਾਲ ਆਪਣੇ ਆਪ ਨੂੰ ਪੇਸ਼ ਕਰਨ ਵਾਲੇ ਕੁਝ ਸਨ ਜਿਹੜਾ ਸ਼ਹਿਰ ਵਿਚ ਆ ਗਿਆ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਉਹ ਇੱਥੋ ਹੀ ਗੁੱਟ ਸੀ। ਇਹ ਹੋ ਸਕਦਾ ਹੈ ਕਿ ਕਈਆਂ ਨੇ ਕਿਸੇ ਕਿਸੇ ਦੀ ਥਾਂ ਜਿਨ੍ਹਾਂ ਨੂੰ ਗੁਣੇ ਪਾ ਕੇ ਚੁਣਿਆ ਗਿਆ ਸੀ ਪਰ ਉਹ ਜਾਣਾ ਨਹੀਂ ਚਾਹੁੰਦੇ ਸਨ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। (ਜੇ ਉਹ ਕਿਸੇ ਥਾਂ ਆਏ ਸਨ, ਤਾਂ ਉਨ੍ਹਾਂ ਨੂੰ ਜਾਣ ਤੋਂ ਛੂਟ ਸੀ।) ਐੱਚ. ਜੀ. ਐੱਮ. ਵਿਲੀਅਮਸਨ ਨੇ ਬਾਅਦ ਵਾਲੇ ਵਿਚਾਰ ਦਾ ਪੱਖ ਕੀਤਾ: ''ਹੋ ਸਕਦਾ

ਹੈ ਕਿ ਆਪਣੇ ਆਪ ਨੂੰ ਖੁਸ਼ੀ ਖੁਸ਼ੀ ਪੇਸ਼ ਕਰਨ ਵਾਲੇ ਉਸ ਦਸ ਫ਼ੀਸਦੀ ਵਿਚ ਜੋੜੇ ਗਏ ਹੋਣ ਨਾ ਕਿ ਉਹ ਉਸ ਵਿਚ ਜੋੜੇ ਗਏ, ਕਿਉਂ ਜੋ ਉਨ੍ਹਾਂ ਨੇ ਉੱਥੇ ਰਹਿਣ ਨੂੰ ਤਰਜੀਹ ਦੇਣ ਦੇ ਬਾਵਜੂਦ ਜਾਣ ਲਈ ਮਜਬੂਰ ਕੀਤੇ ਜਾਣ ਵਾਲਿਆਂ ਦੀ ਗਿਣਤੀ ਘਟਾ ਦਿੱਤੀ।''[5]

ਕੌਮ ਲਈ ਜ਼ਰੂਰੀ ਸੀ ਕਿ ਕੁਝ ਵੀ ਕਰਨ ਨੂੰ ਤਿਆਰ ਲੋਕਾਂ ਨੂੰ, ਭਾਵੇਂ ਕਈਆਂ ਵੱਲੋਂ ਇਸ ਨੂੰ ਫ਼ਾਇਦੇਮੰਦ ਸੌਦਾ ਨਹੀਂ ਮੰਨਿਆ ਗਿਆ ਸੀ, **ਪਰਜਾ** ਦੇ ਬਾਕੀ ਲੋਕਾਂ ਵੱਲੋਂ **ਬਰਕਤ** ਦਿੱਤੀ ਗਈ। ਸ਼ਹਿਰਾਂ ਦੀ ਅਬਾਦੀ ਵਧਾਉਣ ਲਈ ਲੋਕਾਂ ਨੂੰ ਜ਼ਬਰਦਸਤੀ ਲਿਜਾਣ ਦਾ ਵਿਚਾਰ ਅੱਜ ਭਾਵੇਂ ਸਾਨੂੰ ਅਜੀਬ ਲੱਗੇ ਪਰ ਐਡਵਿਨ ਐੱਮ. ਯਾਮੌਚੀ ਨੇ ਧਿਆਨ ਦੁਆਇਆ ਕਿ ''ਯੂਨਾਨੀ ਅਤੇ ਯੂਨਾਨੀ ਭਾਸ਼ਾ ਬੋਲਣ ਵਾਲੇ ਸ਼ਹਿਰਾਂ ਨੂੰ ਵਸਾਉਣ ਲਈ ਅਬਾਦੀ ਨੂੰ ਇੱਧਰ ਉੱਧਰ ਕਰਨ ਦੀ ਰੀਤ ਸੀ।''[6]

## ਯਰੂਸ਼ਲਮ ਵਿਚ ਰਹਿਣ ਵਾਲੇ (11:3-24)

### ਸੂਬੇ ਦੇ ਮੁਖੀਏ (11:3)

**3ਇਹ ਉਸ ਸੂਬੇ ਦੇ ਮੁਖੀਏ ਹਨ ਜਿਹੜੇ ਯਰੂਸ਼ਲਮ ਵਿਚ ਵੱਸ ਗਏ ਪਰ ਯਹੂਦਾਹ ਦੇ ਸ਼ਹਿਰਾਂ ਵਿਚ ਹਰ ਮਨੁੱਖ ਆਪਣੀ ਮਿਲਕੀਅਤ ਦੇ ਸ਼ਹਿਰ ਵਿਚ ਵੱਸਦਾ ਸੀ ਅਰਥਾਤ ਇਸਰਾਏਲ, ਜਾਜਕ, ਲੇਵੀ, ਨਥੀਨੀਮ ਅਤੇ ਸੁਲੇਮਾਨ ਦੇ ਟਹਿਲੂਆਂ ਦੀ ਵੰਸ।**

**ਆਇਤ 3.** ਸ਼ਹਿਰ ਦੇ ਫੇਰ ਤੋਂ ਵੱਸ ਜਾਣ ਦੇ ਬਾਅਦ ਯਰੂਸ਼ਲਮ ਦੇ ਵਸਨੀਕਾਂ ਦਾ ਦਾਖਲਾ ਇਕ ਵਿਸ਼ੇ ਵਾਕ ਨਾਲ ਸ਼ੁਰੂ ਹੁੰਦਾ ਹੈ। ਇਸ ਆਇਤ ਵਿਚ ਉਨ੍ਹਾਂ ਲੋਕਾਂ ਦਾ ਜ਼ਿਕਰ ਹੈ ਜਿਨ੍ਹਾਂ ਦੇ ਨਾਂਅ ਇਸ ਭਾਗ ਵਿਚ **ਸੂਬੇ ਦੇ ਮੁਖੀਏ ਜਿਹੜੇ ਯਰੂਸ਼ਲਮ ਵਿਚ ਵੱਸ ਗਏ** ਦੇ ਰੂਪ ਵਿਚ ਹੋਇਆ ਹੈ। NASB ਨੇ ''ਸੂਬਾ'' (*m<sup>e</sup>dinah*, *ਮਡੀਨਾਹ*) ਇਕ ਵਚਨ ਸ਼ਬਦ ਨਾਉਂ ਦਾ ਗਲਤ ਅਨੁਵਾਦ ਬਹੁਵਚਨ ਵਿਚ ਕੀਤਾ ਹੈ। ਇਸ ਕਰਕੇ ਅਗਲੀਆਂ ਆਇਤਾਂ ਵਿਚਲੇ ਲੋਕ ਲੋਕਾਂ ਦੇ ''ਸਰਦਾਰ'' (11:1), ਯਹੂਦਾਹ ਦੇ ਸੂਬੇ ਦੇ ''ਮੁਖੀਏ'' ਸਨ। ਆਗੂਆਂ ਦੇ ਇਨ੍ਹਾਂ ਗੁੱਟਾਂ ਦੀ ਵੀ ਅਗਵਾਈ ਦੀ ਲੋੜ ਸੀ, ਕਿਉਂ ਜੋ ਹਰ ਗੁੱਟ ਵਿਚ ਉਨ੍ਹਾਂ ਲੋਕਾਂ ਦੇ ਨਾਂਅ ਹਨ ਜਿਹੜੇ ਉਨ੍ਹਾਂ ਦੀਆਂ ਗਤੀਵਿਧੀਆਂ ਲਈ ਜ਼ਿੰਮੇਵਾਰ ਸਨ। ਬਹੁਤ ਸਾਰੇ ਲੋਕ ਭਾਵ ਆਮ ਲੋਕ (**ਇਸਰਾਏਲ**) ਅਤੇ ਹੈਕਲ ਦੀ ਸੇਵਾ ਲਈ ਸਮਰਪਿਤ (**ਜਾਜਕ, ਲੇਵੀ, ਨਥੀਨੀਮ**[7] **ਅਤੇ ਸੁਲੇਮਾਨ ਦੇ ਟਹਿਲੂਆਂ ਦੀ ਵੰਸ**[8]) ਆਪੋ ਆਪਣੀਆਂ ਜਾਇਦਾਦਾਂ ਤੇ **ਯਹੂਦਾਹ ਦੇ** ਹੋਰ **ਸ਼ਹਿਰਾਂ** ਵਿਚ ਰਹਿੰਦੇ ਰਹੇ।

''ਆਗੂਆਂ'' ਦੇ ਤਿੰਨ ਵਰਗਾਂ ਨੂੰ ਉਭਾਰਦੇ ਹੋਏ ਅਤੇ ਉਸ ਆਦਮੀ ਦਾ ਨਾਂਅ ਦੇ ਕੇ ਸਮਰਥਨ ਕਰਦਿਆਂ ਜਿਹੜਾ ''ਪਾਤਸ਼ਾਹ ਦਾ ਹੱਕ'' ਸੀ (11:24) 11:4–24 ਵਿਚ ਦਿੱਤੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਆਗੂਆਂ ਦੇ ਇਹ ਤਿੰਨੇ ਗੁੱਟ ਲਗਭਗ ਉਨ੍ਹਾਂ ਤਿੰਨਾਂ ਗੁੱਟਾਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਨੇ ਖ਼ੁਦਾ ਦੀ ਸ਼ਰ੍ਹਾ ਨੂੰ ਮੰਨਣ ਦੇ ਇਸਰਾਏਲ ਦੇ ਨਵੇਂ ਸਿਰਿਉਂ ਬੰਨ੍ਹੇ ਗਏ ਅਹਿਦ ਦੇ ਦਸਤਾਵੇਜ਼ ਤੇ ਦਸਤਖ਼ਤ ਕੀਤੇ ਸਨ। 9:38 ਵਿਚ ਉਨ੍ਹਾਂ ਨੂੰ ''ਸਾਡੇ ਸਰਦਾਰ ਅਰ ਸਾਡੇ ਲੇਵੀ ਅਰ ਸਾਡੇ ਯਾਜਕ'' ਅਤੇ ਅਧਿਆਇ 10 ਵਿਚ ''ਜਾਜਕ'' (10:8), ''ਲੇਵੀ'' (10:9)ਅਤੇ ''ਪਰਜਾ ਦੇ ਮੁਖੀਏ'' (10:14) ਦੱਸਿਆ ਗਿਆ ਹੈ। 11:3–19 ਵਾਲੀ ਸੂਚੀ ਉਸ ਸੂਚੀ ਨਾਲ ਮੇਲ ਖਾਂਦੀ ਹੈ (ਭਾਂਵੇਂ ਪੂਰਾ ਪੂਰਾ ਨਹੀਂ) ਜਿਸ ਵਿਚ 1 ਇਤਹਾਸ 9:2–27 ਵਿਚ ਬਾਬਲ ਦੀ ਅਸੀਰੀ ਤੋਂ ਬਾਅਦ ਯਹੂਦਾਹ ਵਿਚ ਰਹਿਣ ਵਾਲੇ ਇਸਰਾਏਲੀਆਂ ਦੇ ਨਾਂਅ ਹਨ। ਇਹ ਸਮਝਣਾ ਮੁਸ਼ਕਿਲ ਹੈ ਕਿ ਹਰ ਸੂਚੀ ਇਕ ਦੂਜੇ ਨਾਲ ਜੁੜੀ ਕਿਵੇਂ ਹੈ।

ਯਹੂਦਾਹ ਅਤੇ ਬਿਨਯਾਮੀਨ ਦੇ ਪੁੱਤਰ (11: 4-9)

**[4]ਅਤੇ ਯਰੂਸ਼ਲਮ ਵਿਚ ਯਹੂਦਾਹ ਦੀ ਵੰਸ ਵਿੱਚੋਂ ਅਤੇ ਬਿਨਯਾਮੀਨ ਦੀ ਵੰਸ ਵਿੱਚੋਂ ਵੱਸੇ। ਯਹੂਦਾਹ ਦੀ ਵੰਸ ਵਿੱਚੋਂ ਅਥਾਯਾਹ ਉੱਜ਼ੀਯਾਹ ਦਾ ਪੁੱਤਰ, ਉਹ ਜ਼ਕਰਯਾਹ ਦਾ ਪੁੱਤਰ, ਉਹ ਅਮਰਯਾਹ ਦਾ ਪੁੱਤਰ, ਉਹ ਸ਼ਫਟਯਾਹ ਦਾ ਪੁੱਤਰ, ਉਹ ਮਹਲਲੇਲ ਦਾ ਪੁੱਤਰ, ਇਹ ਪਾਰਸ ਦੀ ਵੰਸ ਵਿੱਚੋਂ ਸਨ [5]ਅਤੇ ਮਅਸੇਯਾਹ ਬਾਰੂਕ ਦਾ ਪੁੱਤਰ, ਉਹ ਕਾਲਹੋਜ਼ਹ ਦਾ ਪੁੱਤਰ, ਉਹ ਹਜ਼ਾਯਾਹ ਦਾ ਪੁੱਤਰ, ਉਹ ਅਦਾਯਾਹ ਦਾ ਪੁੱਤਰ, ਉਹ ਯੋਯਾਰੀਬ ਦਾ ਪੁੱਤਰ, ਉਹ ਜ਼ਕਰਯਾਹ ਦਾ ਪੁੱਤਰ, ਉਹ ਸ਼ਿਲੋਨੀ ਦਾ ਪੁੱਤਰ ਸੀ [6]ਪਾਰਸ ਦੀ ਸਾਰੀ ਵੰਸ ਯਰੂਸ਼ਲਮ ਵਿਚ ਵੱਸੀ ਚਾਰ ਸੌ ਅਠਾਹਟ ਜੋਧੇ ਸਨ। [7]ਇਹ ਬਿਨਯਾਮੀਨ ਦੀ ਵੰਸ ਹੈ ਸੱਲੂ, ਮੁਸ਼ੱਲਾਮ ਦਾ ਪੁੱਤਰ, ਉਹ ਯੋਏਦ ਦਾ ਪੁੱਤਰ, ਉਹ ਪਦਾਯਾਹ ਦਾ ਪੁੱਤਰ, ਉਹ ਕੋਲਾਯਾਹ ਦਾ ਪੁੱਤਰ, ਉਹ ਮਅਸੇਯਾਹ ਦਾ ਪੁੱਤਰ ਉਹ ਈਥੀਏਲ ਦੀ ਪੁੱਤਰ, ਉਹ ਯਸ਼ਾਯਾਹ ਦਾ ਪੁੱਤਰ [8]ਉਸ ਦੇ ਮਗਰੋਂ ਗੱਬੀ ਅਰ ਸੱਲਾਈ ਨੌਂ ਸੌ ਅਠਾਈ ਸਨ [9]ਅਤੇ ਜ਼ਿਕਰੀ ਦਾ ਪੁੱਤਰ ਯੋਏਲ ਉਨ੍ਹਾਂ ਦੇ ਉੱਤੇ ਚੌਧਰੀ ਸੀ ਅਤੇ ਹਸਨੂਆਹ ਦਾ ਪੁੱਤਰ ਯਹੂਦਾਹ ਉਨ੍ਹਾਂ ਸ਼ਹਿਰਾਂ ਉੱਤੇ ਦੂਜੇ ਦਰਜੇ ਉੱਤੇ ਸੀ।**

**ਆਇਤਾਂ 4-8.** ਉੱਤਰੀ ਗੋਤਰਾਂ ਨੂੰ ਤਬਾਹ ਕੀਤੇ ਜਾਣ ਤੋਂ ਬਾਅਦ ਯਹੂਦਾਹ ਦੇ ਦੱਖਣੀ ਰਾਜ ਦੇ ਦੋ ਗੋਤਰਾਂ ਵਿੱਚੋਂ **ਯਹੂਦਾਹ ਦੀ ਵੰਸ** ਅਤੇ **ਬਿਨਯਾਮੀਨ ਦੀ ਵੰਸ** ਦੇ ਕੁਝ ਲੋਕ **ਯਰੂਸ਼ਲਮ ਵਿਚ** ਅੱਸ਼ੂਰ ਵੱਲੋਂ ਰਹਿ ਰਹੇ ਸਨ। ਇਨ੍ਹਾਂ ਗੋਤਰਾਂ ਦੇ ਲੋਕਾਂ ਨੂੰ ਬਾਬਲ ਦੀ ਅਸੀਰੀ ਵਿਚ ਲਿਜਾਇਆ ਗਿਆ ਸੀ ਅਤੇ ਫਿਰ ਉੱਥੋਂ ਵਾਪਸ ਲਿਆਂਦਾ ਗਿਆ ਸੀ। ਲਿਖਤ ਵਿਚ **ਯਹੂਦਾਹ ਦੀ ਵੰਸ ਵਿੱਚੋਂ ਅਥਾਯਾਹ** ਅਤੇ **ਮਅਸੇਯਾਹ** ਦੋਹਾਂ ਦੇ ਨਾਂਅ ਕੁਲਪੱਤਰੀ ਵਿਚ ਦਰਜ ਹਨ (11:4, 5)। ਇਸ ਗੋਤਰ ਦੇ **ਯਰੂਸ਼ਲਮ** ਸ਼ਹਿਰ ਦੀ ਰਖਵਾਲੀ ਲਈ ਤਾਕਤਵਰ ਅਤੇ ਬਹਾਦਰ **ਚਾਰ ਸੌ ਅਠਾਹਟ ਜੋਧੇ** ਸਨ (11:6)। **ਬਿਨਯਾਮੀਨ ਦੀ ਵੰਸ** ਦੇ ਤਿੰਨ ਜਣਿਆਂ **ਸੱਲੂ, ਗੱਬੀ** ਅਤੇ **ਸੱਲਾਈ** ਦੇ ਨਾਂਅ ਦਿੱਤੇ ਗਏ ਹਨ। ਬਿਨਯਾਮੀਨੀਆਂ ਦੀ ਕੁੱਲ ਗਿਣਤੀ **ਨੌਂ ਸੌ ਅਠਾਈ** ਦਿੱਤੀ ਗਈ ਹੈ (11:7, 8)।

**ਆਇਤ 9.** ਇਨ੍ਹਾਂ ਆਇਤਾਂ ਵਿਚ ਦੱਸੇ ਗਏ ਦੋ ਜਣੇ ਹਨ ਜਿਨ੍ਹਾਂ ਉੱਤੇ ਇਸ ਗੁੱਟ ਦੀ ਜ਼ਿੰਮੇਵਾਰੀ ਸੀ। **ਯੋਏਲ** ਜਿਹੜਾ **ਉਨ੍ਹਾਂ ਦੇ ਉੱਤੇ ਚੌਧਰੀ ਸੀ** ਅਤੇ **ਯਹੂਦਾਹ** ਜਿਹੜਾ **ਉਨ੍ਹਾਂ ਸ਼ਹਿਰਾਂ ਉੱਤੇ ਦੂਜੇ ਦਰਜੇ ਉੱਤੇ ਸੀ**। ''ਚੌਧਰੀ'' ਜਾਂ ''ਦੂਜੇ ਦਰਜੇ ਉੱਤੇ'' ਦਾ ਸਹੀ ਸਹੀ ਅਰਥ ਪਤਾ ਨਹੀਂ ਹੈ, ਭਾਵੇਂ ਇਹ ਸਾਫ਼ ਹੈ ਕਿ ਇਹ ਦੋਵੇਂ ਜਣੇ ਕਿਸੇ ਨਾ ਕਿਸੇ ਅਰਥ ਵਿਚ ਉਨ੍ਹਾਂ ਦੇ ਜਿਨ੍ਹਾਂ ਦੀ ਹੁਣੇ ਹੁਣੇ ਗੱਲ ਕੀਤੀ ਗਈ ਹੈ, ਆਗੂ ਜਾਂ ਉਨ੍ਹਾਂ ਉੱਤੇ ਨਿਗਰਾਨ ਸਨ।

ਜਾਜਕ (11: 10-14)

**[10]ਜਾਜਕਾਂ ਵਿੱਚੋਂ ਯੋਯਾਰੀਬ ਦਾ ਪੁੱਤਰ ਯਦਾਯਾਹ, ਯਾਕੀਨ ਸੀ [11]ਸਰਾਯਾਹ ਹਿਲਕੀਯਾਹ ਦਾ ਪੁੱਤਰ, ਉਹ ਮੱਸ਼ੁਲਾਮ ਦਾ ਪੁੱਤਰ ਉਹ ਸਦੋਕ ਦਾ ਪੁੱਤਰ, ਉਹ ਮਰਾਯੋਥ ਦਾ ਪੁੱਤਰ, ਉਹ ਅਹੀਟੂਬ ਦਾ ਪੁੱਤਰ ਜਿਹੜਾ ਪਰਮੇਸ਼ੁਰ ਦੇ ਭਵਨ ਦਾ ਪ੍ਰਧਾਨ ਸੀ [12]ਅਤੇ ਉਨ੍ਹਾਂ ਦੇ ਭਰਾ ਜਿਹੜੇ ਭਵਨ ਦਾ ਕੰਮ ਕਰਦੇ ਸਨ ਅੱਠ ਸੌ ਬਾਈ ਸਨ ਅਤੇ ਅਦਾਯਾਹ ਯਰੋਹਾਮ ਦਾ ਪੁੱਤਰ, ਉਹ ਪਲਲਯਾਹ ਦਾ ਪੁੱਤਰ, ਉਹ ਅਮਸੀ ਦਾ ਪੁੱਤਰ, ਉਹ ਜ਼ਕਰਯਾਹ ਦਾ ਪੁੱਤਰ, ਉਹ ਪਸ਼ਹੂਰ ਦਾ ਪੁੱਤਰ, ਉਹ ਮਲਕੀਯਾਹ ਦਾ ਪੁੱਤਰ [13]ਅਤੇ ਉਹ ਦੇ ਭਰਾ ਪਿਉ ਦਾਦਿਆਂ ਦੇ ਮੁਖੀਏ ਦੋ ਸੌ ਬਤਾਲੀ ਸਨ। ਅਤੇ ਅਮਸ਼ਸਈ ਅਜ਼ਰਏਲ ਦਾ ਪੁੱਤਰ, ਉਹ ਅਹਜ਼ਈ ਦਾ ਪੁੱਤਰ, ਉਹ ਮਸ਼ਿੱਲੇਮੋਥ ਦਾ ਪੁੱਤਰ, ਉਹ ਇੰਮੇਰ ਦਾ ਪੁੱਤਰ [14]ਅਤੇ ਉਨ੍ਹਾਂ ਦੇ ਭਰਾ ਜੰਗੀ ਸੂਰਬੀਰ ਇਕ ਸੌ ਅਠਾਈ ਅਤੇ ਹੱਗਦੋਲੀਮ ਦਾ ਪੁੱਤਰ ਜ਼ਬਦੀਏਲ**

ਉਨ੍ਹਾਂ ਉੱਤੇ ਚੌਧਰੀ ਸੀ।

**ਆਇਤਾਂ 10-14. ਯਦਾਯਾਹ, ਯਾਕੀਨ, ਸਰਾਯਾਹ, ਅਦਾਯਾਹ ਅਤੇ ਜ਼ਬਦੀਏਲ** ਜਾਜਕਾਂ ਦੇ ਨਾਂਅ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਦੋ ਨੂੰ ਛੱਡ ਕੇ ਬਾਕੀ ਸਾਰਿਆਂ ਦੀ ਕੁਲਪੱਤਰੀ (ਕਿਸੇ ਦੀ ਲੰਮੀ ਕਿਸੇ ਦੀ ਛੋਟੀ) ਦਿੱਤੀ ਗਈ ਹੈ। ਫਿਰ ਇਸ ਵਚਨ ਵਿਚ ਯਾਜਕਾਂ ਦੇ ਕੁਝ **ਭਰਾਵਾਂ** ਦਾ ਜ਼ਿਕਰ ਹੈ। ਇਸ ਵਿਚ ਕਿਹਾ ਗਿਆ ਹੈ ਕਿ ਉਹ **ਭਵਨ ਦਾ ਕੰਮ ਕਰਦੇ**[9] ਸਨ ਅਤੇ ਉਨ੍ਹਾਂ ਦੀ ਗਿਣਤੀ **ਅੱਠ ਸੌ ਬਾਈ** ਦੱਸੀ ਗਈ ਹੈ (11:10–12)। ਹੋਰ **ਭਰਾ** ਜਿਹੜੇ **ਪਿਉ ਦਾਦਿਆਂ ਦੇ ਮੁਖੀਏ** ਸਨ, ਦਾ ਵੀ ਜ਼ਿਕਰ ਹੈ, ਉਨ੍ਹਾਂ ਦੀ ਗਿਣਤੀ **ਦੋ ਸੌ ਬਤਾਲੀ** ਹੈ (11:13)। ਯਾਜਕਾਂ ਦੇ **ਭਰਾ** ਜਿਨ੍ਹਾਂ ਨੂੰ **ਜੰਗੀ ਸੂਰਬੀਰ** ਦੱਸਿਆ ਗਿਆ ਹੈ ਉਨ੍ਹਾਂ ਦੀ ਗਿਣਤੀ **ਇਕ ਸੌ ਅਠਾਈ** ਹੈ। NIV ਵਿਚ ''ਜੰਗੀ ਸੂਰਬੀਰਾਂ'' ਦੇ ਵਰਗਾ ''ਜੋਧੇ'' ਹੈ। ਸ਼ਹਿਰ ਵਿਚ ਹਮਲਾ ਹੋਣ ਜਾਣ ਦੀ ਸੂਰਤ ਵਿਚ ਇਨ੍ਹਾਂ ਜੋਧਿਆਂ ਦੀ ਲੋੜ ਹੋਣੀ ਸੀ।[10]

ਯਾਜਕਾਂ ਦੇ ਨਾਂਅ ਉਨ੍ਹਾਂ ਦੇ **ਚੌਧਰੀ ਹੱਗਦੋਲੀਮ ਦਾ ਪੁੱਤਰ** ''ਜ਼ਬਦੀਏਲ'' ਦੇ ਨਾਂਅ ਨਾਲ ਖ਼ਤਮ ਹੁੰਦੇ ਹਨ (11:14)। ''ਹੱਗਦੋਲੀਮ'' ਦਾ ਅਰਥ ਹੈ ''ਵੱਡੇ ਲੋਕ।'' ਇਹ ਨਿੱਜੀ ਨਾਮ ਹੋ ਸਕਦਾ ਹੈ ਜਾਂ ਪਰਿਵਾਰ ਦਾ ਨਾਮ, ਜਾਂ ਇਹ ਕੋਈ ਰਾਜਵੰਸ਼ ਹੈ ਜਾਂ ਮਹਾਨ ਜੋਧਿਆਂ ਦਾ ਗੁੱਟ ਹੋ ਸਕਦਾ ਹੈ ਜਿਸ ਦਾ ਜ਼ਬਦੀਏਲ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਹੋਵੇ।

ਇਨ੍ਹਾਂ ਦੋਹਾਂ ਆਇਤਾਂ ਵਿਚ ਯਾਜਕਾਂ ਦੇ ਦੋ ਆਗੂਆਂ ਦੀ ਗੱਲ ਕੀਤੀ ਗਈ ਹੈ। ''ਸਰਾਯਾਹ'' **ਪਰਮੇਸ਼ੁਰ ਦੇ ਭਵਨ ਦਾ ਪ੍ਰਧਾਨ** ਸੀ (11:11), ਜਿਸ ਦਾ ਅਰਥ ਸੰਭਵ ਤੌਰ ਤੇ ਇਹ ਹੈ ਕਿ ਉਹ ਪ੍ਰਧਾਨ ਯਾਜਕ ਸੀ। ਜੋਜ਼ਫ਼ ਬਲੈਂਕਿਨਸੌਪ ਦਾ ਮੰਨਣਾ ਸੀ ਕਿ ਇਹ ਅਹੁਦਾ, ''ਜਿਸ ਨੂੰ ਹੈਕਲ ਦੇ ਇਕ ਤੋਂ ਵਧ ਅਧਿਕਾਰੀ ਲਈ ਵਰਤਿਆ ਜਾ ਸਕਦਾ ਸੀ (ਤੁਲਨਾ 2 ਇਤਹਾਸ 35:8), ਪ੍ਰਧਾਨ ਜਾਜਕ ਤਕ ਸੀਮਿਤ ਹੋ ਗਿਆ (1 ਇਤਹਾਸ 9:20; 2 ਇਤਹਾਸ 31:13)।''[11] ਦੂਜਾ ਆਗੂ ''ਜ਼ਬਦੀਏਲ'' ਸੀ ਜਿਹੜਾ ''ਜੰਗੀ ਸੂਰਬੀਰਾਂ'' ਦਾ ''ਚੌਧਰੀ'' ਸੀ (11:14)।

## ਲੇਵੀ, ਦਰਬਾਨ ਅਤੇ ਨਥੀਨੀਮ (11:15-23)

**15ਲੇਵੀਆਂ ਵਿੱਚੋਂ ਸ਼ਮਾਯਾਹ ਹੱਸ਼ੂਬ ਦਾ ਪੁੱਤਰ ਉਹ ਅਜ਼ਰੀਕਾਮ ਦਾ ਪੁੱਤਰ, ਉਹ ਹਸ਼ਬਯਾਹ ਦਾ
ਪੁੱਤਰ, ਉਹ ਬੂੰਨੀ ਦਾ ਪੁੱਤਰ 16ਅਤੇ ਸ਼ਬਥਈ ਅਤੇ ਯੋਜ਼ਾਬਾਦ ਲੇਵੀਆਂ ਦੇ ਮੁਖੀਆਂ ਵਿੱਚੋਂ ਪਰਮੇਸ਼ੁਰ
ਦੇ ਭਵਨ ਦੇ ਬਾਹਰ ਦੇ ਕੰਮ ਉੱਤੇ ਸਨ 17ਅਤੇ ਮਤਨਯਾਹ ਮੀਕਾ ਦਾ ਪੁੱਤਰ, ਉਹ ਜ਼ਬਦੀ ਦਾ ਪੁੱਤਰ,
ਉਹ ਆਸਾਫ ਦਾ ਪੁੱਤਰ ਜਿਹੜਾ ਪ੍ਰਾਰਥਨਾ ਲਈ ਧੰਨਵਾਦ ਕਰਨ ਦਾ ਮੁਖੀਆ ਸੀ ਅਤੇ ਬਕਬੁਕਯਾਹ
ਦੇ ਭਰਾਵਾਂ ਵਿੱਚੋਂ ਦੂਜੇ ਦਰਜੇ ਤੇ ਸੀ ਅਤੇ ਅਬਦਾ ਸ਼ਮੂਆ ਦਾ ਪੁੱਤਰ ਉਹ ਗਾਲਾਲ ਦਾ ਪੁੱਤਰ, ਉਹ
ਯਦੂਥੂਨ ਦਾ ਪੁੱਤਰ 18ਪਵਿੱਤਰ ਸ਼ਹਿਰ ਵਿਚ ਸਾਰੇ ਲੇਵੀ ਦੋ ਸੌ ਚੁਰਾਸੀ ਸਨ।**

**19ਅਤੇ ਦਰਬਾਨ ਅੱਕੂਬ ਅਤੇ ਟਲਮੋਨ ਅਤੇ ਉਨ੍ਹਾਂ ਦੇ ਭਰਾ ਜਿਹੜੇ ਫਾਟਕਾਂ ਦੇ ਰਾਖੇ ਸਨ ਇਕ
ਸੌ ਬਹੱਤਰ ਸਨ 20ਅਤੇ ਇਸਰਾਏਲ ਦਾ ਬਕੀਆ ਜਾਜਕ ਅਤੇ ਲੇਵੀ ਯਹੂਦਾਹ ਦੇ ਸਾਰੇ ਸ਼ਹਿਰਾਂ ਵਿਚ
ਹਰ ਮਨੁੱਖ ਆਪਣੇ ਵਿਰਸੇ ਵਿਚ ਸੀ 21ਪਰ ਨਥੀਨੀਮ ਓਫ਼ਲ ਵਿਚ ਵੱਸਦੇ ਸਨ, ਸੀਹਾ ਅਰ ਗਿਸ਼ਪਾ
ਨਥੀਨੀਮ ਉੱਤੇ ਸਨ।**

**22ਯਰੂਸ਼ਲਮ ਦੇ ਲੇਵੀਆਂ ਉੱਤੇ ਉੱਜ਼ੀ ਬਾਨੀ ਦਾ ਪੁੱਤਰ, ਉਹ ਹਸ਼ਬਯਾਹ ਦਾ ਪੁੱਤਰ, ਉਹ
ਮੱਤਨਯਾਹ ਦਾ ਪੁੱਤਰ, ਉਹ ਮੀਕਾ ਦਾ ਪੁੱਤਰ, ਚੌਧਰੀ ਸੀ ਅਤੇ ਆਸਾਫ ਦੀ ਵੰਸ ਵਿੱਚੋਂ ਜਿਹੜੇ ਰਾਗੀ
ਸਨ ਪਰਮੇਸ਼ੁਰ ਦੇ ਭਵਨ ਦੇ ਕੰਮ ਉੱਤੇ ਸਨ 23ਕਿਉਂਕਿ ਰਾਜਾ ਦਾ ਉਨ੍ਹਾਂ ਲਈ ਇਕ ਹੁਕਮ ਸੀ ਅਤੇ
ਰਾਗੀਆਂ ਲਈ ਨਿਤ ਪਰਤੀ ਠਹਿਰਾਈ ਹੋਈ ਰਸਦ ਸੀ।**

ਇਸ ਪੈਰ੍ਹੇ ਵਿਚ ਤੀਜਾ ਗੁੱਟ ਲੇਵੀਆਂ ਅਤੇ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਦਰਬਾਨਾਂ ਅਤੇ ਹੈਕਲ ਦੇ ਸੇਵਾਦਾਰਾਂ ਦਾ ਹੈ।

**ਆਇਤਾਂ 15-19.** ਇਸ ਭਾਗ ਵਿਚ ਪਹਿਲਾਂ ਉਪ ਸਮੂਹ **ਲੇਵੀਆਂ** ਦਾ ਹੈ (11:15)। ਉਨ੍ਹਾਂ ਵਿੱਚੋਂ ਬਹੁਤਿਆਂ ਦੀ ਕੁਲਪੱਤਰੀ ਦਿੱਤੀ ਗਈ ਹੈ: **ਸ਼ਮਾਯਾਹ** (11:15), **ਸ਼ਬਥਈ** (11:16), **ਯੋਜ਼ਾਬਾਦ** (11:16), **ਮਤਨਯਾਹ** (11:17), **ਬਕਬੁਕਯਾਹ** (11:17) ਅਤੇ **ਅਬਦਾ** (11:17) ਦੀ। **ਪਵਿੱਤਰ ਸ਼ਹਿਰ ਵਿਚ ਲੇਵੀ ਦੋ ਸੌ ਚਰਾਸੀ** ਸਨ (11:18), ਅਤੇ **ਇਕ ਸੌ ਬਹੱਤਰ** ਹੋਰ **ਉਨ੍ਹਾਂ ਦੇ ਭਰਾ ਜਿਹੜੇ ਫਾਟਕਾਂ ਦੇ ਰਾਖੇ ਸਨ** (11:19)।

**ਆਇਤ 20.** ਲੇਖਕ ਨੇ ਆਪਣੇ ਪਾਠਕਾਂ ਨੂੰ ਇਹ ਯਾਦ ਦਵਾਉਣ ਲਈ (ਜਿਵੇਂ ਉਹ ਨੇ ਪਹਿਲਾਂ ਆਖਿਆ; ਵੇਖੋ 11:1, 3) ਕਿ ਸਾਰੇ ਲੇਵੀ (ਜਾਂ ਯਾਜਕ ਜਾਂ ਆਮ ਲੋਕ) ਯਰੂਸ਼ਲਮ ਵਿਚ ਨਹੀਂ ਰਹਿੰਦੇ ਸਨ, ਥੋੜ੍ਹੀ ਦੇਰ ਲਈ ਆਪਣਾ ਧਿਆਨ ਯਰੂਸ਼ਲਮ ਤੋਂ ਹਟਾ ਲਿਆ। ਇਸ ਦੀ ਬਜਾਇ ਉਸ ਨੇ ਆਖਿਆ, **ਇਸਰਾਏਲ ਦਾ ਬਕੀਆ** ਜਿਸ ਵਿਚ ਕੁਝ **ਜਾਜਕ** ਅਤੇ **ਲੇਵੀ** ਸਨ ਜਿਹੜੇ **ਯਹੂਦਾਹ ਦੇ ਸਾਰੇ ਸ਼ਹਿਰ ਵਿਚ** ਅਤੇ **ਹਰ ਮਨੁੱਖ ਆਪਣੇ ਵਿਰਸੇ** (ਜਾਂ ਵਿਰਾਸਤੀ ਜਾਇਦਾਦ) **ਵਿਚ** ਰਹਿੰਦਾ ਸੀ (NIV)। ਯਾਮੋਚੀ ਨੇ ਲਿਖਿਆ ਹੈ ਕਿ ਇਬਰਾਨੀ ਸ਼ਬਦ (*nach$^{a}$lah*, *ਨਾਕਲਾਹ*) ''ਜਿੱਤ ਕੇ ਜਾਂ ਵਿਰਾਸਤ ਵਿਚ ਮਿਲੀ ਜ਼ਮੀਨ, ਇਮਾਰਤਾਂ ਅਤੇ ਹੋਰ ਚੀਜ਼ਾਂ ਸਣੇ ਹੱਕਬਦਲੀ ਦੇ ਅਯੋਗ ਵਿਰਾਸਤੀ ਜਾਇਦਾਦ ਨੂੰ ਕਿਹਾ ਗਿਆ ਹੈ (ਉਤਪਤ 31:14; ਗਿਣਤੀ 18:21; 27:7; 34:2; 1 ਰਾਜਿਆਂ 21:3–4)।''[12]

**ਆਇਤ 21.** ਕੁਝ ਲੇਵੀ ਅਤੇ ਯਾਜਕ ਭਾਵੇਂ ਯਰੂਸ਼ਲਮ ਤੋਂ ਬਾਹਰਲੇ ਸ਼ਹਿਰਾਂ ਵਿਚ ਰਹਿੰਦੇ ਸਨ, ਪਰ **ਨਥੀਨੀਮ** ਹੈਕਲ ਵਾਲੇ ਪਹਾੜ ਤਕ ਫੈਲੇ ਦਾਊਦ ਦੇ ਸ਼ਹਿਰ ਦੀ ਉੱਤਰੀ ਪਹਾੜੀ **ਓਫ਼ਲ** ਉੱਤੇ ਹੀ ਰਹਿੰਦੇ ਸਨ (ਵੇਖੋ 3:26, 27)।

**ਆਇਤਾਂ 22, 23.** ਰਿਕਾਰਡ ਵਿਚ **ਆਸਾਫ ਦੀ ਵੰਸ** ਦੇ **ਉੱਜੀ** ਨਾਮਕ ਆਦਮੀ ਦਾ ਨਾਂਅ (ਅਤੇ ਕੁਲਪੱਤਰੀ) ਦਾ ਜ਼ਿਕਰ ਹੈ ਜਿਹੜਾ **ਯਰੂਸ਼ਲਮ ਦੇ ਲੇਵੀਆਂ ਉੱਤੇ** ਸੀ। ਹੈਕਲ ਦੇ **ਰਾਗੀ** ਆਸਾਫ ਦੀ ਵੰਸ ਵਿੱਚੋਂ ਸਨ। ਉਨ੍ਹਾਂ ਦੀ ਭੂਮਿਕਾ ਐਨੀ ਮਹੱਤਵਪੂਰਣ ਸੀ ਕਿ **ਪਾਤਸ਼ਾਹ ਦਾ ਉਨ੍ਹਾਂ ਲਈ ਇਕ ਹੁਕਮ ਸੀ ਅਤੇ ਰਾਗੀਆਂ ਲਈ ਨਿਤ ਪਰਤੀ ਠਹਿਰਾਈ ਹੋਈ ਰਸਦ ਸੀ**। ''ਪਾਤਸ਼ਾਹ ਦਾ ਹੁਕਮ'' ਇਸ ਤੱਥ ਵੱਲ ਇਸ਼ਾਰਾ ਹੋ ਸਕਦਾ ਹੈ ਕਿ ਦਾਊਦ ਨੇ ''ਰਾਗੀਆਂ ਸਣੇ ਲੇਵੀਆਂ ਦੀਆਂ ਸੇਵਾਵਾਂ ਠਹਿਰਾਈਆਂ (1 ਇਤਹਾਸ 25)''[13] ਸਨ। ਇਕ ਹੋਰ ਸੰਭਾਵਨਾ ਇਹ ਹੈ ਕਿ ''ਪਾਤਸ਼ਾਹ'' ਦਾ ਅਰਥ ਫ਼ਾਰਸੀ ਰਾਜਾ ਹੋਵੇ ਅਤੇ ਆਇਤ 23 ਦਾ ਹੈਕਲ ਦੇ ਰਾਜਿਆਂ ਦੀ ਉਹਦੇ ਵੱਲੋਂ ਕੀਤੀ ਜਾਣ ਵਾਲ ਮਦਦ ਜਾਂ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਗੱਲ ਕੀਤੀ ਜਾਂਦੀ ਹੈ।

ਆਇਤ 23 ਦੇ ਅਨੁਵਾਦ ਫ਼ਰਕ–ਫ਼ਰਕ ਹਨ। KJV ਵਿਚ ਕਿਹਾ ਗਿਆ ਹੈ ਕਿ ''ਉਨ੍ਹਾਂ ਲਈ ਪਾਤਸ਼ਾਹ ਦਾ ਹੁਕਮ ਸੀ, ਕਿ ਰਾਗੀਆਂ ਲਈ ਕੁਝ ਹਿੱਸਾ, ਰੋਜ਼ ਦਾ ਠਹਿਰਾਇਆ ਜਾਵੇ।'' NAB ਵਿਚ ਹੈ, ''ਉਨ੍ਹਾਂ ਨੂੰ ਸ਼ਾਹੀ ਆਦੇਸ਼ ਨਾ ਨਿਯੁਕਤ ਕੀਤਾ ਗਿਆ ਅਤੇ ਗਾਇਕਾਂ ਨੂੰ ਰੋਜ਼ ਡਿਊਟੀਆਂ ਦੇਣ ਲਈ ਇਕ ਸਮਾਂ ਸਾਰਣੀ ਠਹਿਰਾਈ ਗਈ ਸੀ।'' NJB ਵਿਚ ਹੈ, ''ਕਿਉਂ ਜੋ ਗਾਇਕ ਸਾਹੀ ਹੁਕਮਾਂ ਨਾਲ ਗਾਉਂਦੇ ਸਨ, ਉਨ੍ਹਾਂ ਲਈ ਠਹਿਰਾਏ ਗਏ ਰੋਜ਼ ਦੇ ਲੋੜੀਂਦੇ ਨਿਯਮਾਂ ਨਾਲ।'' ''ਠਹਿਰਾਈ ਹੋਈ'' ਲਈ ਇਬਰਾਨੀ ਸ਼ਬਦ (*$^{'a}$manah*, *ਆਮਾਨਾਹ*) ਹੈ ਜਿਸ ਦੀ ਪਰਿਭਾਸ਼ਾ ਕਿਡਨਰ ਨੇ ਗਾਉਣ ਵਾਲਿਆਂ ਲਈ ''ਠਹਿਰਾਏ ਹੋਏ ਇੰਤਜ਼ਾਮ'' ਨਾਲੋਂ ''ਪੱਕਾ ਜਾਂ ਯਕੀਨੀ ਕੋਈ ਚੀਜ਼ ਅਤੇ ਵਧਰੇ ਕਰਕੇ 'ਨਿਯਮ' ਲੱਗਣ ਵਾਲਾ'' ਦੇ ਰੂਪ ਵਿਚ ਕੀਤੀ ਹੈ।[14]

ਇਸ ਪੂਰੇ ਗੁੱਟ ਉੱਤੇ ਵੀਹ ਲੋਕ ਸਨ। ''ਸ਼ਮਾਯਾਹ'' ਅਤੇ ''ਸ਼ਬਥਈ'' ਜਿਹੜੇ ''ਪਰਮੇਸ਼ੁਰ ਦੇ ਭਵਨ ਦੇ ਬਾਹਰਲੇ ਕੰਮ ਉੱਤੇ ਸਨ'' ਆਗੂ ਦੱਸੇ ਗਏ ਹਨ (11:15, 16)। ''ਮਤਨਯਾਹ

ਪ੍ਰਾਰਥਨਾ ਕਰਨ ਲਈ ਧੰਨਵਾਦ ਕਰਨ ਦਾ ਮੁਖੀਆ'' ਸੀ ਅਤੇ ''ਬਕਬੁਕਯਾਹ'' ਨੂੰ ਸਿਰਫ਼ ਆਪਣੇ ''ਭਰਾਵਾਂ ਵਿੱਚੋਂ ਦੂਜੇ ਦਰਜੇ ਤੇ'' ਦੱਸਿਆ ਗਿਆ ਹੈ (11:17)। ਸਾਫ਼ ਹੈ ਕਿ ''ਅੱਕੂਬ'' ਅਤੇ ''ਟਲਮੋਨ'' ''ਦਰਬਾਨਾਂ'' ਉੱਤੇ ਸਨ (11:19), ਜਦ ਕਿ ''ਸੀਹਾ'' ਅਤੇ ''ਗਿਸ਼ਪਾ'' ਅਤੇ ''ਨਥੀਨੀਮ ਪਰਮੇਸ਼ੁਰ ਦੇ ਭਵਨ ਉੱਤੇ ਸਨ'' (11:21)। ਅਖ਼ੀਰ ਵਿਚ ''ਉੱਜ਼ੀ'' ਨੂੰ ''ਲੇਵੀਆਂ ਉੱਤੇ'' ਦੱਸਿਆ ਗਿਆ ਹੈ (11:22)।

### ਰਾਜੇ ਦਾ ਨੁਮਾਇੰਦਾ (11:24)

**24ਅਤੇ ਪਥਹਯਾਹ ਮਸ਼ੇਜ਼ਬਏਲ ਦਾ ਪੁੱਤਰ ਜਿਹੜਾ ਯਹੂਦਾਹ ਦੇ ਪੁੱਤਰ ਜ਼ਰਹ ਦੀ ਵੰਸ ਵਿੱਚੋਂ ਸੀ ਪਰਜਾ ਦੇ ਸਾਰੇ ਕੰਮ ਲਈ ਜਾਣੋ ਪਾਤਸ਼ਾਹ ਦਾ ਹੱਥ ਸੀ।**

ਆਖ਼ਰੀ ਨਾਂਅ ਉਸ ਵਿਅਕਤੀ ਭਾਵ ਰਾਜੇ ਦੇ ਅਧਿਕਾਰੀ ਦਾ ਹੈ ਜਿਹੜਾ ਪਿਛਲੇ ਸਮੂਹਾਂ ਵਿਚ ਕਿਸੇ ਨਾਲ ਵੀ ਮੇਲ ਨਹੀਂ ਖਾਂਦਾ।[15]

**ਆਇਤ 24. ਪਥਹਯਾਹ ਪਾਤਸ਼ਾਹ ਦਾ ਹੱਥ** ਜਾਂ ''ਏਜੰਟ'' (NIV)। ਇਸ ਵੇਰਵੇ ਦਾ ਮੂਲ ਅਰਥ ਹੈ ''*[ਜੋ]* ਬਾਦਸ਼ਾਹ ਦੀ ਬਾਂਹ'' ਇਸ ਕਰਕੇ ਕਈਆਂ ਦਾ ਇਹ ਵਿਚਾਰ ਹੈ ਕਿ ਇਹ ਅਧਿਕਾਰੀ ਯਹੂਦੀ ਸੀ ''ਜਿਸ ਨੂੰ ਫ਼ਾਰਸੀ ਅਦਾਲਤ ਵਿਚ ਇਸਰਾਏਲੀਆਂ ਦੇ ਨੁਮਾਇੰਦੇ ਦੇ ਤੌਰ ਤੇ ਤੈਨਾਤ ਕੀਤਾ ਗਿਆ ਸੀ।''[16] ਜੇ ਇਹ ਗੱਲ ਹੈ ਤਾਂ ਉਹ ਰਾਜੇ ਦੇ ਨੁਮਾਇੰਦੇ ਦੇ ਨਾਲ–ਨਾਲ ਰਾਜੇ ਅੱਗੇ ਲੋਕਾਂ ਦਾ ਨੁਮਾਇੰਦਾ ਸੀ।

## ਸ਼ਹਿਰ ਜਿਨ੍ਹਾਂ ਵਿਚ ਦੂਜੇ ਯਹੂਦੀ ਲੋਕ ਰਹਿੰਦੇ ਸਨ (11:25-36)

**25ਹੁਣ ਪਿੰਡਾਂ ਅਤੇ ਉਨ੍ਹਾਂ ਦੇ ਖੇਤਾਂ ਦੇ ਵਿਖੇ ਯਹੂਦਾਹ ਦੀ ਵੰਸ ਵਿੱਚੋਂ ਕੁਝ ਕਿਰਯਥ-ਅਰਬਾ ਅਤੇ ਉਹ ਦੀਆਂ ਵਸਤੀਆਂ ਵਿਚ ਅਤੇ ਕੁਝ ਦੀਬੋਨ ਅਤੇ ਉਹ ਦੀਆਂ ਵਸਤੀਆਂ ਵਿਚ ਅਤੇ ਕੁਝ ਯਕਬਸਏਲ ਅਤੇ ਉਹ ਦੇ ਪਿੰਡਾਂ ਵਿਚ ਵੱਸ ਗਏ 26ਅਤੇ ਯੇਸ਼ੂਆ ਵਿੱਚ, ਮੋਲਾਦਾਹ ਵਿਚ ਅਤੇ ਬੈਤ-ਪਾਲਟ ਵਿਚ 27ਹਸਰਸ਼ੂਆਲ ਅਰ ਬਏਰ-ਸ਼ਬਾ ਵਿਚ ਅਤੇ ਉਹ ਦੀਆਂ ਵਸਤੀਆਂ ਵਿਚ 28ਸਿਕਲਾਗ ਵਿਚ ਅਰ ਮਕੋਨਾਹ ਵਿਚ ਅਤੇ ਉਹ ਦੀਆਂ ਵਸਤੀਆਂ ਵਿਚ 29ਏਨ-ਰਿੰਮੋਨ ਵਿਚ ਅਰ ਸਾਰਆਹ ਵਿੱਚ, ਅਰ ਯਰਮੂਥ ਵਿਚ 30ਜ਼ਾਨੋਅਹ, ਅੱਦੁਲਾਮ ਅਤੇ ਉਨ੍ਹਾਂ ਦੇ ਪਿੰਡ ਅਰ ਲਾਕੀਸ਼ ਅਤੇ ਉਸ ਦੇ ਖੇਤ, ਅਜ਼ੇਕਾਹ ਅਤੇ ਉਸ ਦੀਆਂ ਵਸਤੀਆਂ, ਸੋ ਓਹ ਬਏਰ-ਸ਼ਬਾ ਤੋਂ ਹਿੰਨੋਮ ਦੀ ਵਾਦੀ ਤੀਕ ਡੇਰਿਆਂ ਵਿਚ ਰਹਿੰਦੇ ਸਨ 31ਬਿਨਯਾਮੀਨ ਦੀ ਵੰਸ ਗਬਾ ਅਰ ਮਿਕਮਸ਼ ਅਰ ਅੱਯਾਹ ਅਰ ਬੈਤ-ਏਲ ਅਤੇ ਉਹ ਦੀਆਂ ਵਸਤੀਆਂ ਵਿਚ 32ਅਤੇ ਅਨਾਥੋਥ ਅਰ ਨੋਬ ਅਤੇ ਅਨਨਯਾਹ 33ਹਾਸੋਰ ਰਾਮਾਹ ਅਤੇ ਗਿੱਤਾਯਿਮ 34ਹਦੀਦ ਅਰ ਸਬੋਈਮ ਅਤੇ ਨਬੱਲਾਟ 35ਲੋਦ ਅਰ ਓਨੋ ਅਤੇ ਕਾਰੀਗਰਾਂ ਦੀ ਦੂਣ 36ਅਤੇ ਯਹੂਦਾਹ ਦੇ ਲੇਵੀਆਂ ਵਿੱਚੋਂ ਕੁਝ ਹਿੱਸੇ ਬਿਨਯਾਮੀਨ ਦੇ ਨਾਲ ਸਨ।**

ਵਚਨ ਵਿਚ ਪਹਿਲਾਂ ਇਹ ਸਾਫ਼ ਕਰ ਦਿੱਤਾ ਗਿਆ ਹੈ ਕਿ ਹੋਰ ਬਹੁਤ ਸਾਰੇ ਇਸਰਾਏਲੀ (ਯਾਜਕਾਂ ਅਤੇ ਲੇਵੀਆਂ ਸਣੇ) ਯਰੂਸ਼ਲਮ ਤੋਂ ਬਾਹਰ ਰਹਿੰਦੇ ਸਨ। ਇਸ ਭਾਗ ਵਿਚ ਇਸ ਗੱਲ ਨੂੰ ਵਿਸਤਾਰ ਨਾਲ ਦੱਸਿਆ ਗਿਆ ਹੈ। ਹੋਰ ਕਿਤੇ ਰਹਿਣ ਵਾਲਿਆਂ ਦੇ ਨਾਂਅ ਦੇਣ ਦੀ ਬਜਾਇ ਇਹ ਆਇਤਾਂ ਦੱਸਦੀਆਂ ਹਨ ਕਿ ਉਹ ਕਿੱਥੇ ਕਿੱਥੇ ਰਹਿੰਦੇ ਸਨ।

**ਆਇਤਾਂ 25-35.** ਇਨ੍ਹਾਂ ਆਇਤਾਂ ਵਿਚ ਸ਼ਹਿਰਾਂ ਦੇ ਬਿਓਰੇ ਵਿਚ **ਉਹ ਦੀਆਂ ਵਸਤੀਆਂ**

ਅਤੇ **ਉਹ ਦੇ ਪਿੰਡਾਂ** ਵਰਗੀਆਂ ਅਭਿਵਿਅਕਤੀਆਂ ਜੋੜੀਆਂ ਗਈਆਂ ਹਨ। ਉਦਾਹਰਨ ਲਈ ਆਇਤ 25 **ਕਿਰਯਥ-ਅਰਬਾ** *[ਹਿਬਰੋਨ]* **ਅਤੇ ਉਹ ਦੀਆਂ ਵਸਤੀਆਂ** ਦੀ ਗੱਲ ਕਰਦੀ ਹੈ। ਵਿਚਾਰ ਇਹ ਹੈ ਕਿ ਉਨ੍ਹਾਂ ਦੇ ਘੇਰੇ ਤੋਂ ਬਾਹਰ ਛੋਟੇ–ਛੋਟੇ ਸ਼ਹਿਰਾਂ ਦੇ ਕਸਬੇ ਜਾਂ ਪਿੰਡ ਸਨ ਜਿਹੜੇ ਸਿਆਸੀ, ਸਮਾਜਿਕ ਅਤੇ ਵਪਾਰਿਕ ਤੌਰ ਤੇ ਉਨ੍ਹਾਂ ਨਾਲ ਜੋੜੇ ਗਏ ਸਨ। ਇਸ ਪੂਰੇ ਪੈਰ੍ਹੇ ਵਿਚ ਅਨੁਵਾਦ ਹੋਏ ਸ਼ਬਦ ''ਵਸਤੀਆਂ'' ਲਈ ਇਬਰਾਨੀ ਸ਼ਬਦ (*banoth*, *ਬਾਨੋਤ*) ਦਾ ਮੂਲ ਅਰਥ ''ਬੇਟੀਆਂ'' ਹੈ।

ਇਸ ਸੂਚੀ ਦੀਆਂ ਦੋ ਗੱਲਾਂ ਪ੍ਰਭਾਵਸ਼ਾਲੀ ਹਨ। ਪਹਿਲੀ ਇਹ ਕਿ ਇਨ੍ਹਾਂ ਵੱਖੋ–ਵੱਖ ਥਾਂਵਾਂ ਵਿਚ ਸ਼ਾਮਿਲ ਇਲਾਕਾ ਦੂਰ ਦੂਰ ਤਕ ਫੈਲਿਆ ਹੈ।[17] **ਵਸਤੀਆਂ** ਯਰੂਸ਼ਲਮ ਦੇ ਉੱਤਰ ਵਿਚ **ਬਿਨਯਾਮੀਨ** ਦੇ ਇਲਾਕੇ ਦੇ ਦੱਖਣ ਵਿਚ **ਬਏਰ-ਸ਼ਬਾ** ਤੋਂ ਲੈ ਕੇ ਵੱਸੀਆਂ ਹੋਈਆਂ ਸਨ। 11:30 ਵਿਚ ਸਾਫ਼ ਤੌਰ ਤੇ ਦੱਸਿਆ ਗਿਆ ਹੈ ਕਿ ਇਸ ਵਿਚ ਕਿੱਥੋਂ ਤਕ ਦਾ ਇਲਾਕਾ ਸੀ: **ਓਹ ਬਏਰ-ਸ਼ਬਾ ਤੋਂ ਹਿੰਨੋਮ ਦੀ ਵਾਦੀ ਤੀਕ ਡੇਰਿਆਂ ਵਿਚ ਰਹਿੰਦੇ ਸਨ।** ਮਤਲਬ ਦੇਸ਼ ਦੇ ਦੱਖਣ ਤੋਂ ਲੈ ਕੇ ਯਰੂਸ਼ਲਮ ਸ਼ਹਿਰ ਦੇ ਬਾਹਰਲੇ ਇਲਾਕਿਆਂ ਤਕ। ਇਨ੍ਹਾਂ ਸ਼ਹਿਰਾਂ ਵਿਚਲੀ ਜ਼ਮੀਨ ਯੇਹੁਦ (ਯਹੂਦਾਹ) ਦੇ ਛੋਟੇ ਜਿਹੇ ਫ਼ਾਰਸੀ ਸੂਬੇ ਦੇ ਇਲਾਕੇ ਨਾਲੋਂ ਕਾਫ਼ੀ ਅੱਗੇ ਤਕ ਸੀ। ਐੱਫ. ਚਾਰਲਸ ਦਾ ਮੰਨਣਾ ਸੀ ਕਿ ਇੱਥੇ ਦਿੱਤੇ ਗਏ ਥਾਂਵਾਂ ਦੇ ਨਾਂਵਾਂ ਕਰਕੇ ਕਈਆਂ ਨੇ ਇਹ ਮੰਨ ਲਿਆ ਹੈ ਕਿ ਯਹੂਦਾਹ ਅਸਲ ਵਿਚ ਉਸ ਨਲੋਂ ਕਿਤੇ ਵੱਡਾ ਸੀ ਜਿਨਾਂ ਇਹ ਅਸਲ ਵਿਚ ਹੈ। ''ਸੂਚੀ ਵਿਚ ਯਹੂਦਾਹ ਦੇ ਸੂਬੇ ਦੀ ਹੱਦ ਦਾ ਵਰਣਨ ਨਹੀਂ ਹੈ ਕਿਉਂ ਜੋ ਇਹ ਕਿਤੇ ਵੀ ਦਾਅਵਾ ਨਹੀਂ ਕੀਤਾ ਗਿਆ ਪਰ ਇਸ ਵਿਚ ਕਾਫ਼ੀ ਵੱਡੀ ਯਹੂਦੀ ਅਬਾਦੀ ਵਾਲੇ ਇਲਾਕਿਆਂ ਦੇ ਨਾਂਅ ਦਿੱਤੇ ਗਏ ਹਨ।''[18] ਜੇਕਬ ਐੱਮ. ਮਾਇਰਸ ਦੇ ਮੁਤਾਬਕ ਯਹੂਦੀ ਲੋਕ ਯਹੂਦਾਹ ਦੇ ਸੂਬੇ ਦੇ ਬਾਹਰਲੇ ਸ਼ਹਿਰਾਂ ਵਿਚ ਰਹਿੰਦੇ ਸਨ: ''ਯਹੂਦੀ ਲੋਕ ਸਾਮਰਾਜ ਦੇ ਸ਼ਹਿਰੀ ਸਨ ਅਤੇ ਇਸ ਕਰਕੇ ਉਨ੍ਹਾਂ ਨੂੰ ਆਮ ਸ਼ਹਿਰੀਆਂ ਵਾਲੇ ਹੱਕ ਮਿਲੇ ਹੋਏ ਸਨ, ਜਿਸ ਵਿਚ ਸਾਮਰਾਜ ਵਿਚ ਇਕ ਤੋਂ ਦੂਜੀ ਥਾਂ ਜਾਣ ਦੀ ਮੰਜ਼ੂਰੀ ਸ਼ਾਮਿਲ ਸੀ।''[19] ਲੇਖਕ ਦੇ ਪਹਿਲੇ ਸਰੋਤਿਆਂ ਨੂੰ ਸੰਦੇਸ਼ ਇਹ ਸੀ ਕਿ ''ਯਹੂਦੀ ਵਾਪਸ ਆ ਗਏ ਹਨ!'' ਹੁਣ ਉਹ ਦੇਸ਼ ਭਰ ਵਿਚ ਰਹਿ ਰਹੇ ਹਨ ਜਿਹੜਾ ਖ਼ੁਦਾ ਨੇ ਸ਼ੁਰੂ ਵਿਚ ਇਸਰਾਏਲ ਨੂੰ ਦਿੱਤਾ ਸੀ।

ਦੂਜਾ, ਇਨ੍ਹਾਂ ਸ਼ਹਿਰਾਂ ਦੇ ਨਾਂਅ ਵੇਖ ਕੇ ਪਾਠਕਾਂ ਨੂੰ ਇਤਹਾਸ ਦੀਆਂ ਘਟਨਾਵਾਂ ਦਾ ਚੇਤਾ ਆ ਗਿਆ ਹੋਵੇਗਾ। ਇਹ ਗੱਲ ਕਿ ਉਹ ਦੇਸ਼ ਵਿਚ ''ਰਹਿੰਦੇ ਸਨ'' (11:30) ਯਕੀਨਨ ਉਨ੍ਹਾਂ ਦਿਨਾਂ ਦੀ ਯਾਦ ਦੁਆਉਂਦੀ ਸੀ ਜਦ ਖ਼ੁਦਾ ਦੇ ਲੋਕ ਉਜਾੜ ਵਿਚ ਪਰਵਾਸ ਵਿਚ ਸਨ।[20] ਇਹ ਆਇਤਾਂ ਜ਼ਿਆਦਾਤਰ ਉਨ੍ਹਾਂ ਹੀ ਸ਼ਹਿਰਾਂ ਦੇ ਨਾਂਅ ਦੱਸਦੀਆਂ ਹਨ ਜਿਹੜੇ ਯਹੋਸ਼ੁਆ 15 ਵਿਚ ਮਿਲਦੇ ਹਨ। ਇਹਦਾ ਮਤਲਬ ਇਹ ਹੋਇਆ ਕਿ ਉਨ੍ਹਾਂ ਦੀ ਗੱਲ ਨੇ ਇਸਰਾਏਲ ਦੇਸ਼ ਨੂੰ ਫ਼ਤਹਿ ਕਰਨ ਦੇ ਦਿਨ ਯਹੂਦੀਆਂ ਨੂੰ ਚੇਤੇ ਕਰਾ ਦਿੱਤੇ ਹੋਣਗੇ। ਕੁਝ ਥਾਂਵਾਂ ਦੇ ਜ਼ਿਕਰ ਨਾਲ ਉਨ੍ਹਾਂ ਦੇ ਧਿਆਨ ਵਿਚ ਪੁਰਖਿਆਂ ਦੇ ਸਮੇਂ ਤੋਂ ਲੈ ਕੇ ਰਾਜਿਆਂ ਦੇ ਦਿਨਾਂ ਦੀਆਂ ਯਹੂਦੀ ਇਤਹਾਸ ਦੀਆਂ ਮਹੱਤਵਪੂਰਣ ਘਟਨਾਵਾਂ ਆ ਗਈਆਂ ਹੋਣਗੀਆਂ।[21]

ਕੁਲ ਮਿਲਾ ਕੇ ਇਨ੍ਹਾਂ ਦੋਹਾਂ ਗੱਲਾਂ ਦੇ ਜ਼ੋਰ ਨਾਲ ਯਹੂਦੀਆਂ ਨੂੰ ਦਲੇਰੀ ਮਿਲੀ ਹੋਵੇਗੀ ਅਤੇ ਇਹ ਸਮਝ ਆਇਆ ਹੋਵੇਗਾ ਕਿ ਇਸਰਾਏਲ ਕੌਮ ਸਚਮੁਚ ਵਿਚ ਬਹਾਲ ਹੋ ਗਈ ਹੋ। ਮੁੜ ਤੋਂ ਸਿਰਫ਼ ''ਪਵਿੱਤਰ ਸ਼ਹਿਰ'' ਹੀ ਨਹੀਂ ਵੱਸਿਆ ਸੀ ਬਲਕਿ ਪੂਰੇ ਦੇਸ਼ ਵਿਚ ਰਹਿਣ ਵਾਲੇ ਇਸਰਾਏਲੀ ਉਸ ਪੂਰੇ ਦੇਸ ਵਿਚ ਵੀ ਰਹਿ ਰਹੇ ਸਨ ਜਿਹੜਾ ਖ਼ੁਦਾ ਨੇ ਉਨ੍ਹਾਂ ਨੂੰ ਦਿੱਤਾ ਸੀ। ਇਸ ਥਾਂ ਤੇ ਹੋਣ ਨਾਲ ਬੇਸ਼ੱਕ ਉਨ੍ਹਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ ਅਤੇ ਉਨ੍ਹਾਂ ਵਿਚ ਨਵੀਂ ਤਾਜ਼ਗੀ ਆ ਗਈ।

**ਆਇਤ 36.** ਇਹ ਭਾਗ ਇਹ ਕਹਿਣ ਨਾਲ ਖ਼ਤਮ ਹੁੰਦਾ ਹੈ ਕਿ **ਲੇਵੀਆਂ** ਵਿੱਚੋਂ ਕੁਝ **ਬਿਨਯਾਮੀਨ** ਦੇ ਸ਼ਹਿਰਾਂ ਵਿਚ ਰਹਿੰਦੇ ਸਨ। ਇਸ ਕਰਕੇ ਉਨ੍ਹਾਂ ਨੇ ਸਾਬਕਾ ਅਸੀਰਾਂ ਨੂੰ ਖ਼ੁਦਾ ਦੇ ਹੁਕਮਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਮੰਨਣ ਵਿਚ ਮਦਦ ਲਈ ਮੌਜੂਦ ਹੋਣਾ ਸੀ। ਲੋਕਾਂ ਤੋਂ ਦਸਵੰਧ ਇਕੱਠਾ ਕਰਨਾ ਵੀ

ਉਨ੍ਹਾਂ ਲਈ ਆਸਾਨ ਹੋਣਾ ਸੀ (ਵੇਖੋ 10:37)।

## ਪ੍ਰਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪ: ਲੋਕਾਂ ਦੀ ਕਦਰ ਕਰਨਾ (ਅਧਿਆਇ 11)**

ਇਕ ਲੀਡਰ ਲਈ ਭਵਨ ਅਤੇ ਬੈਂਕ ਖਾਤਿਆਂ, ਸੰਦ ਸਮਾਨ, ਲਾਭ ਅਤੇ ਕਰਾਂ, ਸਰਕਾਰੀ ਨਿਯਮਾਂ, ਤੇਲ ਦੇ ਆਂਕੜੇ ਤੇ ਯੋਜਨਾ, ਵਿਗਿਆਪਨ, ਕੀਮਤ ਘਟਾਉਣਾ ਅਤੇ ਆਮਦਨੀ ਵਧਾਉਣਾ ਵਰਗੀਆਂ ਕਈ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਪਰ ਜੇ ਉਹ ਲੋਕਾਂ ਦਾ ਧਿਆਨ ਨਹੀਂ ਕਰਦਾ ਤਾਂ ਇਕ ਆਗੂ ਦੇ ਰੂਪ ਵਿਚ ਸ਼ਾਇਦ ਉਹ ਨਾਕਾਮ ਹੈ। ਉਸ ਦਾ ਮੁੱਖ ਧਿਆਨ ਜਾਇਦਾਦ ਅਤੇ ਸਮਾਨ ਨਹੀਂ ਬਲਕਿ ਲੋਕ ਹੋਣੇ ਚਾਹੀਦੇ ਹਨ। ਕਿਸੇ ਵੀ ਸੰਸਥਾ ਜਾਂ ਕਲੀਸੀਆ ਵਿਚ ਕੋਈ ਵੀ ਲੀਡਰ ਨਹਮਯਾਹ ਤੋਂ ਸਬਕ ਸਿੱਖ ਸਕਦਾ ਹੈ ਕਿ ਉਹ ਇਕ ਅਜਿਹਾ ਲੀਡਰ ਸੀ ਜਿਹੜਾ ਲੋਕਾਂ ਦੀ ਕਦਰ ਕਰਦਾ ਸੀ।

ਨਹਮਯਾਹ ਦੀ ਕਿਤਾਬ ਪੜ੍ਹਨ ਵਾਲਾ ਪਾਠਕ ਯਕੀਨਨ ਹੀ ਉੱਥੇ ਦਿੱਤੇ ਕਈ ਲੋਕਾਂ ਦੇ ਨਾਂਵਾਂ ਤੋਂ ਪ੍ਰਭਾਵਿਤ ਹੁੰਦਾ ਹੈ। ਲੋਕਾਂ ਦੇ ਨਾਂਅ ਅਧਿਆਇ 3, 7, 8, 10, 11 ਅਤੇ 12 ਵਿਚ ਦਿੱਤੇ ਗਏ ਮਿਲਦੇ ਹਨ। ਲੇਖਕ ਨੇ ਐਨੇ ਨਾਂਅ ਕਿਉਂ ਜੋੜੇ? ਹੋਰ ਜਵਾਬ ਦਿੱਤੇ ਜਾ ਸਕਦੇ ਹਨ। ਪਰ ਇਹ ਸਾਫ਼ ਲਗਦਾ ਹੈ ਕਿ ਉਸ ਨੇ ਉਨ੍ਹਾਂ ਲੋਕਾਂ ਦੇ ਨਾਂਅ ਇਸ ਕਰਕੇ ਦਿੱਤੇ ਕਿਉਂ ਜੋ ਉਸ ਨੂੰ ਉਨ੍ਹਾਂ ਵਿਚ ਦਿਲਚਸਪੀ ਸੀ। ਉਨ੍ਹਾਂ ਵਿੱਚੋਂ ਬਹੁਤੇ ਅਤੀਤ ਵਿਚ ਰਹਿੰਦੇ ਸਨ, ਪਰ ਫਿਰ ਵੀ ਉਹ ਉਨ੍ਹਾਂ ਨੂੰ ਜਾਣਦਾ ਸੀ; ਅਤੇ ਜੇ ਉਹਦੇ ਲਈ ਅਤੀਤ ਵਿਚ ਰਹਿਣ ਵਾਲੇ ਲੋਕ ਐਨੇ ਮਹੱਤਵਪੂਰਣ ਸਨ, ਤਾਂ ਉਹ ਉਨ੍ਹਾਂ ਲੋਕਾਂ ਨਾਲ ਕਿੰਨਾ ਲਗਾਅ ਰਖਦਾ ਹੋਵੇਗਾ ਜਿਨ੍ਹਾਂ ਨੂੰ ਨਿੱਜੀ ਤੌਰ ਤੇ ਜਾਣਦਾ ਸੀ!

ਉਸ ਨੇ ਉਨ੍ਹਾਂ ਸਭ ਲੋਕਾਂ ਦਾ ਰਿਕਾਰਡ ਰੱਖਿਆ ਜਿਨ੍ਹਾਂ ਨਾਲ ਉਹ ਕੰਮ ਕਰਦਾ ਸੀ। ਜਿਨ੍ਹਾਂ ਨੇ ਅਜ਼ਰਾ ਨੂੰ ਸ਼ਰ੍ਹਾ ਨੂੰ ਪੜਨ ਅਤੇ ਉਸ ਦੀ ਵਿਆਖਿਆ ਕਰਨ ਵਿਚ ਮਦਦ ਕਰਨ ਵਾਲੇ ਸਿਰਫ਼ ''ਲੇਵੀ'' ਹੀ ਨਹੀਂ ਸਨ! ਉਹ ''ਯੇਸ਼ੂਆ, ਬਾਨੀ, ਸ਼ੇਰੇਬਿਯਾਹ'' ਵਰਗੀਆਂ ਸ਼ਖ਼ਸੀਅਤਾਂ ਸਨ (8:7)। ਲੇਖਕ ਨੇ ਉਨ੍ਹਾਂ ਨੂੰ ਸਿਰਫ਼ ਯਰੂਸ਼ਲਮ ਵਿਚ ਰਹਿਣ ਵਾਲੇ ਯਹੂਦਾਹ ਅਤੇ ਬਿਨਯਾਮੀਨ ਦੇ ਗੋਤਰਾਂ ਦੇ ਆਗੂ ਹੀ ਨਹੀਂ ਮੰਨਿਆ ਬਲਕਿ ਉਹ ਉਹ ਲੋਕ ਸਨ ਜਿਹੜੇ ''ਹਥਾਯਾਹ'' ਅਤੇ ''ਮਅਸੇਯਾਹ'' ਵਰਗੇ ਪਰਿਵਾਰਾਂ ਦੇ ਲੋਕ ਸਨ (11:4, 5)।

ਕਹਿਣ ਦਾ ਮਤਲਬ ਇਹ ਨਹੀਂ ਕਿ ਨਹਮਯਾਹ ਪੂਰੇ ਸਮੂਹ ਦੇ ਪ੍ਰਤੀ ਲਾਪਰਵਾਹ ਸੀ। ਉਹਦੀ ਦਿਲਚਸਪੀ ਸਾਰਿਆਂ ਵਿਚ ਸੀ। ਉਦਾਹਰਣ ਲਈ ਉਸ ਨੇ ਯਰੂਸ਼ਲਮ ਵਿਚ ਰਹਿਣ ਵਾਲੇ ਯਹੂਦਾਹ ਅਤੇ ਬਿਨਯਾਮੀਨ ਦੇ ਲੋਕਾਂ ਦੀ ਕੁੱਲ ਗਿਣਤੀ ਅਤੇ ਬਾਬਲ ਤੋਂ ਯਹੂਦਾਹ ਵਿਚ ਵੱਸਣ ਵਾਲੇ ਆਉਣ ਵਾਲੇ ਯਹੂਦੀਆਂ ਦੀ ਗਿਣਤੀ ਵੀ ਰੱਖੀ। ਪਰ ਉਹ ਨੂੰ ਸਿਰਫ਼ ਕੁੱਲ ਗਿਣਤੀ ਦੀ ਹੀ ਪਰਵਾਹ ਨਹੀਂ ਸੀ ਬਲਕਿ ਉਹਦੀ ਦਿਲਚਸਪੀ ਉਨ੍ਹਾਂ ਲੋਕਾਂ ਵਿਚ ਵੀ ਸੀ ਜਿਨ੍ਹਾਂ ਦੀ ਇਹ ਕੁੱਲ ਗਿਣਤੀ ਸੀ।

ਆਗੂਆਂ ਨੂੰ ਉਨ੍ਹਾਂ ਦੀ ਜਿਨ੍ਹਾਂ ਦੀ ਉਹ ਅਗਵਾਈ ਕਰਦੇ ਸਨ, ਸਮੂਹਕ ਤੌਰ ਤੇ ਹੀ ਨਹੀਂ ਬਲਕਿ ਨਿੱਜੀ ਤੌਰ ਤੇ ਵੀ ਕਦਰ ਕਰਨਾ ਸਿੱਖਣਾ ਚਾਹੀਦਾ ਹੈ! ਬੇਸ਼ੱਕ ਆਗੂ ਲਈ ਆਪਣੀਆਂ ਕੋਸ਼ਿਸ਼ਾਂ ਨਾਲ ਪ੍ਰਭਾਵਿਤ ਹੋਣ ਵਾਲੇ ਸਾਰੇ ਲੋਕਾਂ ਵਿਚ ਦਿਲਚਸਪੀ ਲੈ ਕੇ ਉਨ੍ਹਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਇਸ ਕਰਕੇ ਉਹ ਸਹੀ ਸਹੀ ਆਂਕੜੇ ਰੱਖਣ ਅਤੇ ਬਦਲਵੀਂ ਗਿਣਤੀ, ਔਸਤ ਅਤੇ ਰੁਝਾਨਾਂ ਦੀ ਸਮੀਖਿਆ ਕਰਨ ਦੀ ਕੋਸਿਸ਼ ਕਰੇਗਾ। ਉਦਾਹਰਣ ਲਈ ਉਹ ਨੂੰ ਇਕ ਗੱਲ ਦਾ ਧਿਆਨ ਹੋਣਾ ਜ਼ਰੂਰੀ ਹੈ ਕਿ ਸੰਗਠਨ ਪਿਛਲੇ ਸਾਲ ਨਾਲੋਂ ਇਸ ਸਾਲ ਬੇਹਤਰ ਕਰ ਰਿਹਾ ਹੈ ਜਾਂ ਨਹੀਂ। ਪਰ ਪ੍ਰਭਾਵਸ਼ਾਲੀ ਲੀਡਰ ਦੀ ਦਿਲਚਸਪੀ ਦਾ ਲਗਾਅ ਇਸ ਗੱਲ ਤਕ ਸੀਮਿਤ ਨਹੀਂ ਹੈ ਕਿ ਕੰਪਨੀ

ਕਿਹੋ ਜਿਹਾ ਕਰ ਰਹੀ ਹੈ ਬਲਕਿ ਉਹ ਇਹ ਵੀ ਜਾਣਨ ਦੀ ਕੋਸ਼ਿਸ਼ ਕਰੇਗਾ ਕਿ ਕੰਪਨੀ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਹਾਲਤ ਕੀ ਹੈ!

ਲੀਡਰ ਦੂਜਿਆਂ ਦੀਆਂ ਕੋਸ਼ਿਸ਼ਾਂ ਨੂੰ ਰਾਹ ਦੱਸਦੇ ਹਨ, ਪਰ ''ਦੂਜੇ'' ਲੋਕ ਜਿਨ੍ਹਾਂ ਨੂੰ ਉਹ ਦਿਸ਼ਾ ਦਿੰਦੇ ਹਨ, ਚਿਹਰਾ ਰਹਿਤ ਸਮੂਹ ਨਹੀਂ ਹਨ। ਉਹ ਉਹ ਲੋਕ ਹਨ ਜਿਨ੍ਹਾਂ ਵਿੱਚੋਂ ਹਰ ਕਿਸੇ ਦਾ ਆਪਣਾ ਨਾਂਅ ਹੈ, ਸ਼ਖ਼ਸੀਅਤ, ਪਿਛੋਕੜ, ਮੁਸ਼ਕਿਲਾਂ ਅਤੇ ਕਾਬਲੀਅਤ ਹੈ। ਕਿਸੇ ਵੀ ਸੰਗਠਨ ਵਿਚ ਲੀਡਰ ਦੂਜਿਆਂ ਦੇ ਕੰਮ ਨੂੰ ਪ੍ਰੇਰਣਾ ਦੇਣ ਵਿਚ, ਉਤਸ਼ਾਹ ਦੇਣ ਵਿਚ ਅਤੇ ਦਿਸ਼ਾ ਦੇਣ ਵਿਚ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ ਜੇ ਉਹ ਆਪਣੇ ਮਗਰ ਚੱਲਣ ਵਾਲਿਆਂ ਨੂੰ ਨਿੱਜੀ ਤੌਰ ਤੇ ਜਾਣਦਾ ਹੋਵੇ।

ਇਕ ਇਕ ਬੰਦੇ ਦੀ ਚਿੰਤਾ ਹੋਣ ਦੀ ਲੋੜ ਦਾ ਬਾਈਬਲ ਤੋਂ ਸਾਫ਼ ਪਤਾ ਲਗਦਾ ਹੈ। ਖ਼ੁਦਾ, ਜਿਹੜਾ ਸਭ ਤੋਂ ਵੱਡਾ ਲੀਡਰ ਹੈ, ਨੂੰ ਹਰ ਬੰਦੇ ਦੀ ਫ਼ਿਕਰ ਹੁੰਦੀ ਹੈ ਅਤੇ ਉਸ ਨੇ ਹਰ ਕਿਸੇ ਦੀ ਖ਼ਾਤਰ ਮਰਨ ਵਾਸਤੇ ਆਪਣਾ ਪੁੱਤਰ ਦੇ ਦਿੱਤਾ (ਯੂਹੰਨਾ 3:16)। ਉਨ੍ਹਾਂ ਲੋਕਾਂ ਦੇ ਨਾਂਅ ਜਿਹੜੇ ਬਚਾਏ ਜਾ ਚੁੱਕੇ ਹਨ ''ਜੀਵਨ ਦੀ ਪੁਸਤਕ'' ਵਿਚ ਲਿਖੇ ਹੋਏ ਹਨ (ਫ਼ਿਲਿੱਪੀਆਂ 4:3; ਪਰਕਾਸ਼ 20:12, 15)। ''ਚੰਗੇ ਚਰਵਾਹੇ'' ਵਾਂਗ, ਯਿਸੂ ਆਪਣਿਆਂ ਨੂੰ ਜਾਣਦਾ ਹੈ ਅਤੇ ਉਸ ਦੇ ਆਪਣੇ ਉਸ ਨੂੰ ਜਾਣਦੇ ਹਨ (ਯੂਹੰਨਾ 10:11, 14)।

ਉਨ੍ਹਾਂ ਲਈ ਜਿਹੜੇ ਸਥਾਨਕ ਮੰਡਲੀਆਂ ਦੇ ਆਗੂ ਹਨ, ਆਪਣੀ ਪਛਾਣ ਬਾਰੇ ਯਿਸੂ ਦੀ ਗੱਲ ਖ਼ਾਸ ਤੌਰ ਤੇ ਧਿਆਨ ਦੇਣ ਵਾਲੀ ਹੋਣੀ ਚਾਹੀਦੀ ਹੈ। ਕਿਉਂ ਜੋ ਉਨ੍ਹਾਂ ਨੂੰ ਸਿਰਫ਼ ਨਿਗਾਹਬਾਨ ਹੀ ਨਹੀਂ ਬਲਕਿ ਖ਼ੁਦਾ ਦੇ ਇੱਜੜ ਦੇ ''ਅਯਾਲੀਆਂ'' ਜਾਂ ''ਪਾਸਟਰ ਜਾਂ ਪਾਸਬਾਨਾਂ'' ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ (ਕਰਤੱਬ 20:28; ਅਫ਼ਸੀਆਂ 4:11)। ਮਸੀਹ ਦੇ ਅਧੀਨ ਚਰਵਾਹਿਆਂ ਦੇ ਰੂਪ ਵਿਚ ਜਿਹੜਾ ''ਸਾਡੀਆਂ'' ''ਜਾਨਾਂ ਦਾ ਅਯਾਲੀ'' ਜਾਂ ਨਿਗਾਹਬਾਨ ਹੈ (1 ਪਤਰਸ 2:25), ਕਲੀਸੀਆ ਦੇ ਆਗੂਆਂ (ਐਲਡਰਾਂ) ਨੂੰ ਇੱਜੜ ਦਾ ਪਤਾ ਸਿਰਫ਼ ਇੱਜੜ ਦੇ ਰੂਪ ਵਿਚ ਨਹੀਂ ਬਲਕਿ ਇਕੱਲੇ ਇਕੱਲੇ ਦਾ ਪਤਾ ਹੋਣਾ ਜ਼ਰੂਰੀ ਸੀ। ਬਾਈਬਲ ਦੇ ਸਮਿਆਂ ਵਿਚ ਆਦਰਸ਼ ਚਰਵਾਹਾ ਉਹ ਹੁੰਦਾ ਸੀ ਜਿਹੜਾ ਆਪਣੀ ਇਕ ਇਕ ਭੀੜ ਨੂੰ ''ਨਾਂਅ ਲੈ ਕੇ'' ਜਾਣਦਾ ਸੀ (ਯੂਹੰਨਾ 10:3) ਅਤੇ ਜਿਸ ਦੀਆਂ ਭੇਡਾਂ ਉਸ ਨੂੰ ਚੰਗੀ ਤਰ੍ਹਾਂ ਜਾਣਦੀਆਂ ਸਨ। ਚਰਵਾਹਾ ਯਕੀਨਨ ਹੀ ਇਹ ਜਾਣਨਾ ਚਾਹੁੰਦਾ ਹੁੰਦਾ ਸੀ ਕਿ ਉਸ ਦੇ ਇੱਜੜ ਵਿਚ ਕਿੰਨੀਆਂ ਭੇਡਾਂ ਸਨ, ਇਸ ਕਰਕੇ ਉਹ ਉਨ੍ਹਾਂ ਦੀ ਗਿਣਤੀ ਕਰਦਾ ਸੀ; ਪਰ ਉਸ ਨੂੰ ਉਸ ਇੱਜੜ ਦੀ ਹਰ ਭੇਡ ਦਾ ਫਿਕਰ ਵੀ ਹੁੰਦਾ ਸੀ। ਜੇ ਕੋਈ ਭੇਡ ਗੁਆਚ ਜਾਂਦੀ, ਤਾਂ ਚਰਵਾਹਾ ਉਸ ਨੂੰ ਲੱਭਣ ਲਈ ਨਿੱਕਲ ਜਾਂਦਾ (ਲੂਕਾ 15:1–7)। ਓਸੇ ਤਰ੍ਹਾਂ, ਖ਼ੁਦਾ ਦੇ ਇੱਜੜ ਦੇ ਚਰਵਾਹੇ ਨਾ ਸਿਰਫ਼ ਇਹ ਜਾਣਨਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਜ਼ਿੰਮੇ ਕਿੰਨੀਆਂ ਭੇਡਾਂ ਹਨ ਬਲਕਿ ਇਹ ਵੀ ਜਾਣਨਾ ਚਾਹੁੰਦੇ ਹਨ ਕਿ ਜੇ ਕੋਈ ਭੇਡ ਗੁਆਚ ਗਈ ਹੈ ਤਾਂ ਉਹ ਕਿੱਥੇ ਗਈ।

ਪੌਲੁਸ ਆਪ ਭਾਵੇਂ ਕਿਸੇ ਸਥਾਨਕ ਮੰਡਲੀ ਦਾ ਚਰਵਾਹਾ (ਪਾਸਟਰ ਜਾਂ ਪਾਸਬਾਨ) ਨਹੀਂ ਸੀ, ਪਰ ਉਸਨੇ ਉਹ ਵਿਹਾਰ ਵਿਖਾਇਆ ਜਿਹੜਾ ਚਰਵਾਹਿਆਂ ਦਾ ਹੋਣਾ ਚਾਹੀਦਾ ਹੈ। ਸਾਰੀਆਂ ਮੰਡਲੀਆਂ ਨੂੰ ਲਿਖਣ ਵੇਲੇ ਉਹ ''ਲੋਕ ਮਾਨਕ'' ਸੀ। ਆਪਣੇ ਖ਼ਤਾਂ ਵਿਚ ਉਸ ਨੇ ਨਾਂਅ ਲੈ ਲੈ ਕੇ ਲੋਕਾਂ ਨੂੰ ਸਲਾਮ ਘੱਲੇ। ਰੋਮੀਆਂ 16 ਵਿਚ ਉਸ ਨੇ ਤੀਹ ਦੇ ਕਰੀਬ ਲੋਕਾਂ ਦਾ ਨਾਂਅ ਲਿਆ। ਉਸ ਦੇ ਨਿੱਜੀ ਨੋਟ ਵਿਚ ਇਨ੍ਹਾਂ ਮਸੀਹੀ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੌਸਲਾ–ਅਫ਼ਜਾਈ, ਤਾਰੀਫ਼ ਅਤੇ ਤਾੜਨਾ ਸ਼ਾਮਿਲ ਸੀ (ਵੇਖੋ 1 ਕੁਰਿੰਥੀਆਂ 16:10–18; ਫ਼ਿਲਿੱਪੀਆਂ 4:2, 3; ਕੁੱਲੁਸੀਆਂ 4:17)। ਉਹ ਆਪਣੇ ਨਾਲ ਦੇ ਕੰਮ ਕਰਨ ਵਾਲਿਆਂ ਨੂੰ ਆਪਣੇ ਨਾਲ ਰੱਖਣਾ ਚਾਹੁੰਦਾ ਸੀ ਅਤੇ ਉਨ੍ਹਾਂ ਦੀ ਮਦਦ ਲਈ ਉਹ ਉਨ੍ਹਾਂ ਦੀ ਤਾਰੀਫ਼ ਵੀ ਕਰਦਾ ਸੀ। ਕਈ ਵਾਰ ਉਸ ਨੇ ਤਿਮੋਥਿਉਸ, ਤੀਤੁਸ ਅਤੇ ਮਰਕੁਸ ਨੂੰ ਵੀ ਆਪਣੇ ਨਾਲ ਰਲਾਉਣਾ ਚਾਹਿਆ (1 ਕੁਰਿੰਥੀਆਂ 16:10, 11; 2 ਤਿਮੋਥਿਉਸ 4:9, 11; ਤੀਤੁਸ 3:12)। ਪੌਲੁਸ ਨੇ ਜਦ ਉਨੇਸਿਮੁਸ ਨੂੰ ਘਰ ਭੇਜਿਆ ਤਾਂ ਉਸਨੇ

ਫਿਲੇਮੋਨ ਨੂੰ ਲਿਖਿਆ ਕਿ ਉਹ ਕਿਵੇਂ ਚਾਹੁੰਦਾ ਸੀ ਕਿ ਉਨੇਸਿਮੁਸ ਉਹਦੇ ਕੋਲ ਰਹੇ ਅਤੇ ਉਹਦੀਆਂ ਲੋੜਾਂ ਦਾ ਧਿਆਨ ਰੱਖੇ (ਫਿਲੇਮੋਨ 12–14)। ਉਸ ਨੂੰ ਜਵਾਨ ਪ੍ਰਚਾਰਕ ਤਿਮੋਥਿਉਸ ਦਾ ਐਨਾ ਫਿਕਰ ਰਹਿੰਦਾ ਸੀ ਕਿ ਉਸ ਨੂੰ ਸਲਾਹ ਦੇਣ ਤੋਂ ਇਲਾਵਾ ਪੌਲੁਸ ਨੇ ਸੁਝਾਅ ਦਿੱਤਾ ਕਿ ਆਪਣੀਆਂ ਬਾਰ–ਬਾਰ ਦੀਆਂ ਮਾਂਦਗੀਆਂ ਲਈ ਉਹ ਕੀ ਕਰੇ (1 ਤਿਮੋਥਿਉਸ 5:23)।

ਪ੍ਰਭੂ ਦੀ ਕਲੀਸੀਆ ਵਿਚ ਐਲਡਰਾਂ ਅਤੇ ਡੀਕਨਾਂ ਲਈ ਜ਼ਰੂਰੀ ਹੈ ਕਿ ਹਰ ਮੈਂਬਰ ਦੀ ਕਦਰ ਖ਼ੁਦਾ ਦੇ ਪਿਆਰੇ ਬੱਚਿਆਂ ਦੇ ਰੂਪ ਵਿਚ ਕਰੇ। ਉਹ ਹਰ ਕਿਸੇ ਨਾਲ ਉਵੇਂ ਹੀ ਪਿਆਰ ਕਰਨ ਜਿਵੇਂ ਪ੍ਰਭੂ ਉਨ੍ਹਾਂ ਨਾਲ ਕਰਦਾ ਹੈ। ਭਰਾਵਾਂ ਦੀ ਕਦਰ ਕਰਨ ਵਾਲੇ ਆਗੂ ਇਹ ਗੱਲਾਂ ਕਰਨ: (1) ਮੈਂਬਰਾਂ ਨੂੰ ਨਾਂਅ ਲੈ ਕੇ ਜਾਣਨਾ। (2) ਕਲੀਸੀਆ ਨੂੰ ਪਿਆਰ ਕਰਨਾ ਅਤੇ ਇਹ ਪਤਾ ਲਾ ਕੇ ਕਿ ਉਹਦੀ ਦਿਲਚਸਪੀ ਕਾਹਦੇ ਵਿਚ ਹੈ, ਉਹ ਹਰ ਮੈਂਬਰ ਦੀ ਚਿੰਤਾ ਕਰਕੇ ਉਸ ਵਿਚ ਦਿਲਚਸਪੀ ਵਿਖਾਉਣ। (3) ਇੱਜੜ ਦੇ ਹਰ ਮੈਂਬਰ ਦੀਆਂ ਲੋੜਾਂ ਨੂੰ ਜ਼ਬੂਰ 23 ਵਿਚ ਚੰਗੇ ਚਰਵਾਹੇ ਦੀ ਮਿਸਾਲ ਨਾਲ ਮੇਲ ਖਾਂਦਿਆਂ ਪੂਰੀ ਕਰਨ ਲਈ ਕੋਸ਼ਿਸ਼ ਕਰਨੀ। (4) ਉਨ੍ਹਾਂ ਦੀ ਤਲਾਸ਼ ਕਰੋ ਜਿਹੜੇ ਭਟਕ ਗਏ ਹਨ (ਗਲਾਤੀਆਂ 6:1) ਅਤੇ ਉਨ੍ਹਾਂ ਨੂੰ ਪਿਆਰ ਨਾਲ ਵਾੜੇ ਵਿਚ ਵਾਪਿਸ ਲਿਆਉਣ ਦੀ ਕੋਸ਼ਿਸ਼ ਕਰੋ।

*ਸਾਰ।*ਸੰਖੇਪ ਵਿਚ ਪ੍ਰਭਾਵਸ਼ਾਲੀ ਲੀਡਰ ਲੋਕਾਂ ਦੀ ਕਦਰ ਕਰਦਾ ਹੈ। ਯਿਸੂ ਨੇ ਸਭ ਦੇ ਲਈ ਇਸ ਨੂੰ ਇਕ ਟੀਚਾ ਦੱਸ ਦਿੱਤਾ ਕਿ ''ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ'' (ਮੱਤੀ 19:19)।

## ਅਸਲ ਵਿਚ ਫ਼ਰਕ ਕਿਸ ਗੱਲ ਨਾਲ ਪੈਂਦਾ ਹੈ? (ਅਧਿਆਇ 11)

ਸਾਡੇ ਆਲੇ ਦੁਆਲੇ ਦੇ ਲੋਕਾਂ ਉੱਤੇ ਕਿਸ ਗੱਲ ਦਾ ਪ੍ਰਭਾਵ ਪੈਂਦਾ ਹੈ? ਸਾਡੀ ਦੁਨੀਆਂ ਵਿਚ ਸਚਮੁਚ ਮਹੱਤਵਪੂਰਣ ਕਿਹੜੀ ਗੱਲ ਹੈ? ਵੱਖੋ ਵੱਖ ਲੋਕ ਇਸ ਸਵਾਲ ਦਾ ਜਵਾਬ ਵੱਖੋ ਵੱਖ ਦੇਣਗੇ, ਪਰ ਹਰ ਕਿਸੇ ਨੂੰ ਇਸ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਅਸੀਂ ਹਰ ਰੋਜ਼ ਜੋ ਸਾਨੂੰ ਪ੍ਰਭਾਵਿਤ ਕਰਦਾ ਹੈ ਉਸ ਦੇ ਅਧਾਰ ਤੇ ਫ਼ੈਸਲੇ ਲੈਂਦੇ ਹਾਂ। ਅਸਲ ਵਿਚ ਫ਼ਰਕ ਕਿਸ ਗੱਲ ਨਾਲ ਪੈਂਦਾ ਹੈ?

ਨਹਮਯਾਹ 11 ਅਧਿਆਇ ਇਸ ਸਵਾਲ ਦੇ ਕਈ ਜਵਾਬ ਦਿੰਦਾ ਹੈ?

*ਲੋਕਾਂ ਦਾ ਮਹੱਤਵ।* ਲੋਕ ਮਹੱਤਵਪੂਰਣ ਹਨ। ਜੇ ਉਹ ਮਹੱਤਵਪੂਰਣ ਨਾ ਹੁੰਦੇ ਤਾਂ ਨਹਮਯਾਹ ਦੀ ਕਿਤਾਬ ਵਿਚ ਐਨੇ ਨਾਂਅ ਨਹੀਂ ਹੋਣੇ ਸਨ। ਇਨ੍ਹਾਂ ਵਿੱਚੋਂ ਕਈ ਤਾਂ ਅਗਿਆਤ ਹੀ ਹਨ। ਉਹ ਆਮ ਲੋਕ ਸਨ ਪਰ ਐਨੇ ਮਹੱਤਵਪੂਰਣ ਸਨ ਕਿ ਉਨ੍ਹਾਂ ਦੇ ਨਾਂਅ ਅਗਲੀਆਂ ਪੀੜ੍ਹੀਆਂ ਵਾਸਤੇ ਲਿਖੇ ਗਏ।

*ਇਤਹਾਸ ਦਾ ਮਹੱਤਵ ਹੈ।*ਇਸੇ ਕਰਕੇ ਇਸ ਵਿਚ ਕਿਤਾਬ ਇਤਹਾਸਕ ਘਟਨਾਵਾਂ ਨੂੰ ਯਾਦ ਕੀਤਾ ਅਤੇ ਦਰਜ ਕੀਤਾ ਗਿਆ ਹੈ (ਖ਼ਾਸ ਕਰਕੇ ਅਧਿਆਇ 9 ਵੇਖੋ)। ਆਮ ਤੌਰ ਤੇ ਉਸ ਇਤਹਾਸਕ ਪਿਛੋਕੜ ਨੂੰ ਜਾਣੇ ਬਿਨਾਂ ਜਿਸ ਵਿੱਚੋਂ ਅਸੀਂ ਜਾਂ ਦੂਜੇ ਲੋਕ ਨਿੱਕਲੇ ਹਨ, ਅਸੀਂ ਆਪਣੇ ਆਪ ਨੂੰ ਜਾਂ ਉਨ੍ਹਾਂ ਨੂੰ ਸਮਝ ਨਹੀਂ ਸਕਦੇ।

*ਪਰਿਵਾਰ ਦਾ ਮਹੱਤਵ।* ਕਿਤਾਬ ਵਿਚ ਕੁਲਪੱਤਰੀਆਂ ਹਨ ਜੋ ਸਾਨੂੰ ਯਾਦ ਦੁਆਉਂਦੀਆਂ ਹਨ ਕਿ ਆਮ ਤੌਰ ਤੇ ਅਸੀਂ ਜੋ ਕੁਝ ਹੁੰਦੇ ਹਾਂ ਉਹ ਆਪਣੇ ਪਰਿਵਾਰਾਂ ਕਰਕੇ ਹੁੰਦੇ ਹਾਂ, ਜਿਸ ਵਿਚ ਪਿਛਲੀਆਂ ਪੀੜ੍ਹੀਆਂ ਵੀ ਆਉਂਦੀਆਂ ਹਨ। ਭਾਈਚਾਰੇ ਦੇ ਸਬੰਧ (ਜਿਵੇਂ ਲੇਵੀਆਂ, ਯਹੂਦਾਹ ਦੇ ਲੋਕਾਂ ਅਤੇ ਬਿਨਯਾਮੀਆਂ ਦੇ ਨਾਲ ਹੋਇਆ) ਪਰਿਵਾਰ ਨੂੰ ਇਕ ਦੂਜੇ ਦੀ ਦੇਖਭਾਲ ਕਰਨ ਵਾਲੇ ਰਿਵਾਜ਼ ਵਿਚ ਬੰਨ੍ਹ ਦਿੰਦੇ ਹਨ। ਆਓ ਅਸੀਂ ਉਨ੍ਹਾਂ ਪਰਿਵਾਰਾਂ ਲਈ ਸ਼ੁਕਰਗੁਜ਼ਾਰ ਹੋਈਏ ਜਿਨ੍ਹਾਂ ਸਾਨੂੰ ਉਹ ਬਣਾਇਆ ਜੋ ਅੱਜ ਅਸੀਂ ਹਾਂ ਅਤੇ ਉਸ ਪਰਿਵਾਰਿਕ ਸਬੰਧ ਨੂੰ ਹੋਰ ਮਜ਼ਬੂਤ ਕਰੀਏ ਜਿਸ ਨੂੰ ਅਸੀਂ ਮਾਣਦੇ ਹਾਂ। ਮਸੀਹੀ ਲੋਕਾਂ ਲਈ ''ਪਰਮੇਸ਼ੁਰ ਦਾ ਪਰਿਵਾਰ'' ਸਾਡੇ ਸਰੀਰਕ ਪਰਿਵਾਰਾਂ ਨਾਲੋਂ ਕਿਤੇ ਵੱਧ ਮਹੱਤਵਪੂਰਣ ਹੋਣਾ ਚਾਹੀਦਾ ਹੈ।

*''ਬੁਲਾਹਟਾਂ'' ਦਾ ਮਹੱਤਵ ਹੈ।* ਕਿਸੇ ਨੂੰ ਮਿਲੀ ਖ਼ੁਦਾ ਦੀ ''ਬੁਲਾਹਟ'' ਮਹੱਤਵਪੂਰਣ ਹੈ।

ਨਹਮਯਾਹ ਦੇ ਸਮੇਂ ਵਿਚ ਕਈਆਂ ਨੂੰ ਯਾਜਕ ਬਣਨ ਲਈ ਜਦ ਕਿ ਹੋਰਨਾਂ ਨੂੰ ਲੇਵੀ, ਦਰਬਾਨ ਜਾਂ ਰਾਗੀ ਬੁਲਾਇਆ ਜਾਂਦਾ ਸੀ। ਇਨ੍ਹਾਂ ਬੁਲਾਹਟਾਂ ਨੂੰ ਦੂਜਿਆਂ ਵੱਲੋਂ ਮਾਨਤਾ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਪੂਰਾ ਕਰਕੇ ਇਹ ਲੋਕ ਯਹੂਦਾਹ ਦੀ ਕੌਮ ਦੀ ਜ਼ਿੰਦਗੀ ਵਿਚ ਮਹੱਵਪੂਰਣ ਭੂਮਿਕਾ ਨਿਭਾਉਂਦੇ ਸਨ। ਅੱਜ ਖ਼ੁਦਾ ਮਸੀਹੀ ਲੋਕਾਂ ਨੂੰ ਵੱਖੋ-ਵੱਖ ਯੋਗਤਾਵਾਂ ਅਤੇ ਮੌਕੇ ਦੇ ਕੇ, ਵੱਖੋ ਵੱਖ ਕੰਮਾਂ ਲਈ ਬੁਲਾਉਂਦਾ ਹੈ। ਉਸਨੇ ਸਾਨੂੰ ਜਿਹੜਾ ਕੰਮ ਕਰਨ ਲਈ ਬੁਲਾਇਆ ਹੈ, ਉਹ ਮਹੱਤਵਪੂਰਣ ਹੈ।

**ਸਵੈ-ਸੇਵਕਾਂ ਨੂੰ ਬਰਕਤ ਪਾਉਣ ਦਿਓ !** (11:2)

ਨਹਮਯਾਹ 11:2 ਵਿਚ ਅਸੀਂ ਪੜ੍ਹਦੇ ਹਾਂ, ''ਪਰਜਾ ਨੇ ਉਨ੍ਹਾਂ ਸਾਰਿਆਂ ਮਨੁੱਖਾਂ ਨੂੰ ਬਰਕਤ ਦਿੱਤੀ ਜਿਨ੍ਹਾਂ ਨੇ ਖੁਸ਼ੀ ਨਾਲ ਯਰੂਸ਼ਲਮ ਵਿਚ ਵੱਸਣ ਲਈ ਆਪਣੇ ਆਪ ਨੂੰ ਪੇਸ਼ ਕੀਤਾ।'' ਇਹ ਵੇਖਣ ਲਈ ਕਿ ਕਿਹੜਾ-ਕਿਹੜਾ ਸ਼ਹਿਰ ਵਿਚ ਜਾਏ ਭਾਵੇਂ ''ਲੋਕਾਂ ਨੇ ਗੁਣੇ ਪਾਏ'' (11:1), ਪਰ ਸਾਫ਼ ਹੈ ਕਿ ਜਾਣ ਲਈ ਖ਼ੁਸੀ ਨਾਲ ਲੋਕਾਂ ਦੇ ਇਕ ਹੋਰ ਸਮੂਹ ਨੇ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਦੂਜਿਆਂ ਵੱਲੋਂ ਉਨ੍ਹਾਂ ਨੂੰ ਧੰਨਵਾਦ ਨਾਲ ''ਬਰਕਤ ਦਿੱਤੀ'' ਗਈ। ਬਿਲਕੁਲ ਸਹੀ ਕੀਤਾ! ਉਹ ਕੁਝ ਨਾ ਕੁਝ ਕੀਮਤ ਚੁਕਾ ਕੇ ਉਹ ਕਰਨ ਲਈ ਤਿਆਰ ਸਨ ਜੋ ਕੀਤਾ ਜਾਣਾ ਜ਼ਰੂਰੀ ਸੀ ਅਤੇ ਜਿਸ ਨੂੰ ਕਰਨ ਲਈ ਦੂਜੇ ਲੋਕ ਤਿਆਰ ਨਹੀਂ ਸਨ।

ਅੱਜ ਸਵੈ-ਸੇਵਕਾਂ ਨੂੰ ''ਬਰਕਤ ਦਿੱਤੀ'' ਜਾਣੀ ਚਾਹੀਦੀ ਹੈ ਭਾਵ ਉਨ੍ਹਾਂ ਨੂੰ ਕਿਰਪਾਨਲੂ ਦਾਨੀਆਂ ਵਜੋਂ ਪਛਾਣਿਆਂ ਅਤੇ ਸਲਾਹਿਆ ਜਾਣਾ ਚਾਹੀਦਾ ਹੈ। ਬਿਨਾਂ ਸਵੈ-ਸੇਵਕਾਂ ਦੇ, ਜਿਹੜੇ ਅੱਜ ਦੀ ਦੁਨੀਆਂ ਵਿਚ ਆਪਣਾ ਸਮਾਂ, ਆਪਣੀ ਸ਼ਕਤੀ, ਆਪਣਾ ਹੁਨਰ, ਜ਼ਿਦਗੀ ਦੇਣ ਲਈ ਤਿਆਰ ਹੋਣ, ਬਹੁਤ ਮੁਸ਼ਕਿਲ ਹੋਵੇਗਾ। ਕਲੀਸੀਆ ਦੇ ਆਗੂਆਂ ਨੂੰ ਉਨ੍ਹਾਂ ਸਵੈ-ਸੇਵਕਾਂ ਦੀ ਖ਼ਾਸ ਤੌਰ ਤੇ ਤਾਰੀਫ਼ ਕਰਨੀ ਚਾਹੀਦੀ ਹੈ ਜਿਹੜੇ ਕਲੀਸੀਆ ਲਈ ਕਮ ਕਰਦੇ ਹਨ। ਮੰਡਲੀ ਵਿਚ ਕੰਮ ਕਰਨ ਵਾਲਿਆਂ ਨੂੰ ਤਨਖ਼ਾਹ ਦੇਣ ਵਿਚ ਕੋਈ ਬੁਰਿਆਈ ਨਹੀਂ ਹੈ; ਪਰ ਬਿਨਾਂ ਸਵੈ-ਸੇਵਕਾਂ ਦੇ, ਮੰਡਲੀਆਂ ਦਾ ਬਹੁਤਾ ਕੰਮ ਬਿਨਾਂ ਕੀਤੇ ਰਹਿ ਜਾਵੇਗਾ।

---

ਟਿੱਪਣੀਆਂ

[1]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ-ਵਰਸਿਟੀ ਪ੍ਰੈੱਸ, 1979), 117. [2]''ਪਵਿੱਤਰ ਸ਼ਹਿਰ'' ਅਭਿਵਿਅਕਤੀ ਦੀ ਵਰਤੋਂ ਸੁਰਗੀ ਯਰੂਸ਼ਲਮ ਦੇ ਸੰਬੋਧਨ ਲਈ ਵੀ ਕੀਤੀ ਜਾਂਦੀ ਹੈ, ਜਿੱਥੇ ਖ਼ੁਦਾ ਦੀ ਹਜ਼ੂਰੀ ਦਾ ਨਿਵਾਸ ਹੈ (ਪਰਕਾਸ਼ 21:2, 10; 22:19)। [3]ਵੇਖੋ ਟੋਬਿਟ 13:9; 1 ਮੱਕਾਬੀਆਂ 2:7; 2 ਮੱਕਾਬੀਆਂ 1:12; 3:1; 9:14; 15:14. [4]ਕਈ ਮੌਕਿਆਂ ਤੇ ਗੁਣੇ ਪਾਉਣ ਦੀ ਵਰਤੋਂ ਪ੍ਰਭੂ ਦੀ ਇੱਛਾ ਨਿਰਧਾਰਿਤ ਕਰਨ ਲਈ ਕੀਤੀ ਜਾਂਦੀ ਸੀ (ਵੇਖੋ 10:34; ਗਿਣਤੀ 26:55; ਯਹੋਸ਼ੁਆ 7:14-18; 14:1, 2; 18:6, 8; 1 ਸਮੂਏਲ 10:22, 21; 14:41, 42; ਕਹਾਉਤਾਂ 16:33)। [5]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ*, ਵਰਡ ਬਿਬਲੀਕਲ ਕਮੈਂਟਰੀ, ਅੰਕ 16 (ਵਾਕੋ, ਟੈਕਸਸਃ ਵਰਡ ਬੁਕਸ, 1985), 351. [6]ਦ *ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ 4, *1 ਰਾਜਿਆਂ-ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 744 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ-ਨਹਮਯਾਹ।'' ਇਸ ਰੀਤ ਦੀ ਇਕ ਮਿਸਾਲ 18 ਈਸਵੀ ਵਿਚ ਮਿਲੀ ਜਦੋਂ ਹੇਰੋਦੇਸ ਅੰਤਿਪਾਸ ਨੇ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਵਿਚ ਆਪਣੀ ਨਵੀਂ ਰਾਜਧਾਨੀ ਤਿਬਰਿਆਸ ਨੂੰ ਬਣਾਇਆ। (ਜੋਸੇਫ਼ਸ *ਐਂਟਿਕੁਇਟੀਜ਼* 18.2.3.) [7]''ਨਥੀਨੀਮ'' (ਵੇਖੋ KJV) ''ਹੈਕਲ ਦੇ ਸੇਵਾਦਾਰ'' ਜਿਸ ਦਾ ਅਰਥ ''*[*ਖ਼ੁਦਾ

ਨੂੰ ] ਦੇ ਦਿੱਤੇ ਗਏ ਹੈ। ਇਹ ਲੋਕ ਦਾਊਦ ਅਤੇ ਪ੍ਰਧਾਨਾਂ ਵੱਲੋਂ ''ਲੇਵੀਆਂ ਦੀ ਸੇਵਾ ਲਈ'' ਥਾਪੇ ਗਏ ਸਨ (ਅਜ਼ਰਾ 8:20)। [8]''ਵੰਸ਼'' ਮੂਲ ਸ਼ਬਦ (*b^e^ney*, *ਬੇਨੇਅ*) ਦਾ ਅਰਥ ਹੈ ''ਪੁੱਤਰ।'' [9]''ਭਵਨ'' ਮੂਲ ਵਿਚ ''ਘਰ'' ਹੈ; ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ''ਪਰਮੇਸ਼ੁਰ ਦਾ ਭਵਨ'' ਜਾਂ ''ਹੈਕਲ'' ਹੀ ਹੈ। [10]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 242.

[11]ਜੋਜ਼ਫ਼ ਬਲੇਂਕਿਨਸੌਪ, *ਅਜ਼ਰਾ–ਨਹਮਯਾਹ*, ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1988), 325. [12]ਯਾਮੋਚੀ, 748. [13]ਉੱਥੇ ਹੀ। [14]ਕਿਡਨਰ, 120. [15]ਇਸੇ ਤਰ੍ਹਾਂ ਨਾਲ ਅਧਿਆਇ 10 ਵਾਲੇ ਦਸਤਖ਼ਤ ਕਰਨ ਵਾਲਿਆਂ ਦੇ ਤਿੰਨ ਗੁੱਟ ਹਾਕਮ (ਨਹਮਯਾਹ) ਅਤੇ (ਸੰਭਵ ਤੌਰ ਤੇ) ਉਸ ਦੇ ਸੈਕਟਰੀ ਜਾਂ ਸਹਾਇਕ ਦੇ ਨਾਂਅ ਤੋਂ ਪਹਿਲਾਂ ਹਨ (ਨਾ ਕਿ ਬਾਅਦ ਵਿਚ)। [16]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 227. [17]ਪਰ ਇਹ ਵਿਸਤ੍ਰਿਤ ਹੋਣ ਲਈ ਨਹੀਂ ਹੈ ਕਿਉਂ ਜੋ ਮਹੱਤਵਪੂਰਣ ਨਾਂਅ ਨਹੀਂ ਹਨ। ਉਦਾਹਰਣ ਲਈ ਯਰੀਹੋ ਦਾ ਨਾਂਅ ਨਹੀਂ ਹੈ। ਬਹੁਤ ਸਾਰੇ ਸ਼ਹਿਰ ਜਿਨ੍ਹਾਂ ਵਿਚ ਯਹੂਦੀ ਵੱਸਦੇ ਸਨ, ਇੱਥੇ ਸ਼ਾਮਿਲ ਕੀਤੇ ਗਏ ਹਨ, ਪਰ ਉਨ੍ਹਾਂ ਵਿੱਚੋਂ ਸਾਰੇ ਨਹੀਂ। [18]ਐੱਫ਼. ਚਾਰਲੇਸ ਫ਼ੈਂਸ਼ਮ, *ਦ ਬੁਕਸ ਆਫ਼ ਅਜ਼ਰਾ ਐਂਡ ਨਹਮਯਾਹ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਓਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 249. [19]ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ*, ਦ ਐਂਕਰ ਬਾਈਬਲ, ਅੰਕ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 191. [20]ਟੀਕਾਕਾਰਾਂ ਵੱਲੋਂ ਇਕ ਹੋਰ ਸੰਭਾਵਨਾ ਸੁਝਾਈ ਗਈ ਹੈ ਕਿ ''ਡੇਰਿਆਂ ਵਿਚ ਰਹਿੰਦੇ'' ਜਾਣ-ਬੁੱਝ ਕੇ ਯਾਦ ਕਰਵਾਉਣ ਲਈ ਹੈ ਕਿ ਇਨ੍ਹਾਂ ਸ਼ਹਿਰਾਂ ਵਿਚ ਉਨ੍ਹਾਂ ਦਾ ਵਾਸਾ ਪੱਕਾ ਨਹੀਂ ਹੋਣਾ ਸੀ (ਸ਼ਾਇਦ ਫ਼ਾਰਸੀ ਅਧਿਕਾਰੀਆਂ ਨੂੰ ਇਹ ਯਕੀਨ ਦੁਆਉਣ ਲਈ ਕਿ ਉਹ ਉਸ ਜ਼ਮੀਨ ਉੱਤੇ ਫੇਰ ਕਬਜ਼ਾ ਕਰਨ ਦੀ ਕੋਸਿਸ਼ ਨਹੀਂ ਕਰ ਰਹੇ ਸਨ, ਜਿਹੜੀ ਹੁਣ ਫ਼ਾਰਸੀ ਹਕੂਮਤ ਸੀ)।

[21]ਵੇਖੋ ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 218-19.